ਭਾਰਤ ਦਾ ਇੱਕੋ-ਇੱਕ ਹਫਤਾਵਾਰੀ
ਪੰਜਾਬੀ ਖੇਤੀਬਾੜੀ ਅਖ਼ਬਾਰ

ਖੇਤੀ ਦੁਨੀਆਂ

Rs.10/-
www.khetiduniyan.in
Postage Regd. No. PB/PTA/0338/2025-2027
Editor : Jagpreet Singh • RNI 42269/83 (PUNPUN00806) • Issue Dated 29-08-2026 • Vol.44 No.35 • M. 90410-14575 • Page 16
E-mail : khetiduniyan1983@gmail.com

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 | 9216103075 | 9216103069

ਪੰਜਾਬ ਵਿੱਚ ਗੰਨੇ ਦਾ ਘਟਦਾ ਰਕਬਾ ਖੰਡ ਉਤਪਾਦਨ ਲਈ ਬਣਿਆ ਚੁਣੌਤੀ

★ ਛੇ ਸਾਲ ਵਿੱਚ 7.74 ਫੀਸਦੀ ਘਟੀ ਗੰਨੇ ਦੀ ਪੈਦਾਵਾਰ
★ ਭੁਗਤਾਨ ਵਿੱਚ ਦੇਰੀ ਕਾਰਨ ਗੰਨੇ ਤੋਂ ਮੂੰਹ ਮੋੜ ਰਹੇ ਨੇ ਕਿਸਾਨ
★ ਸੂਬੇ ਦੀਆਂ ਖੰਡ ਮਿੱਲਾਂ ਲਈ ਪੈਦਾ ਹੋ ਸਕਦੈ ਗੰਨੇ ਦਾ ਸੰਕਟ

ਪੰਜਾਬ ਵਿੱਚ ਫਿਲਹਾਲ ਖੰਡ ਦੀ ਉਪਲੱਬਧਤਾ ਨੂੰ ਲੈ ਕੇ ਕੋਈ ਸੰਕਟ ਨਹੀਂ ਹੈ, ਪਰ ਗੰਨੇ ਦੀ ਘਟਦੀ ਪੈਦਾਵਾਰ ਭਵਿੱਖ ਦੀ ਚਿੰਤਾ ਵਧਾ ਰਹੀ ਹੈ। ਸੂਬੇ ਵਿੱਚ ਛੇ ਸਾਲ ਵਿੱਚ ਗੰਨੇ ਦੀ ਪੈਦਾਵਾਰ ਪ੍ਰਤੀ ਸਾਲ 74.9 ਲੱਖ ਟਨ ਤੋਂ ਘਟ ਕੇ 69.1 ਲੱਖ ਟਨ ਰਹਿ ਗਈ ਹੈ। ਪੈਦਾਵਾਰ ਵਿੱਚ ਪ੍ਰਤੀ ਸਾਲ 5.8 ਲੱਖ ਟਨ ਭਾਵ 7.74 ਫੀਸਦੀ ਦੀ ਕਮੀ ਆਈ ਹੈ। ਗੰਨੇ ਦੀ ਖੇਤੀ ਦਾ ਰਕਬਾ ਲਗਾਤਾਰ ਘੱਟ ਹੋ ਰਿਹਾ ਹੈ। 2020-21 ਵਿੱਚ ਕਰੀਬ 2.84 ਲੱਖ ਹੈਕਟੇਅਰ ਵਿੱਚ ਗੰਨੇ ਦੀ ਖੇਤੀ ਹੁੰਦੀ ਸੀ। 2025-26 ਵਿੱਚ ਇਹ ਘੱਟ ਕੇ ਕਰੀਬ 2.48 ਲੱਖ ਹੈਕਟੇਅਰ ਰਹਿ ਗਿਆ। ਯਾਨੀ ਗੰਨੇ ਦਾ ਰਕਬਾ ਲਗਭਗ 36 ਹਜ਼ਾਰ ਹੈਕਟੇਅਰ ਘੱਟ ਹੋ ਗਿਆ ਹੈ। ਖੇਤੀ ਮਾਹਿਰਾਂ ਅਨੁਸਾਰ ਕਿਸਾਨਾਂ ਦਾ ਗੰਨੇ ਤੋਂ ਮੋਹ ਭੰਗ ਹੋਣ ਦੀ ਪ੍ਰਮੁੱਖ ਵਜ੍ਹਾ ਸਮੇਂ ਸਿਰ ਭੁਗਤਾਨ ਨਾ ਮਿਲਣਾ ਹੈ। ਇਹੀ ਵਜ੍ਹਾ ਹੈ ਕਿ ਕਿਸਾਨ ਝੋਨੇ ਅਤੇ ਕਣਕ ਵਰਗੀਆਂ ਫ਼ਸਲਾਂ ਵੱਲ ਵਧੇਰੇ ਆਕਰਸ਼ਿਤ ਹੋ ਰਹੇ ਹਨ। ਇਹੀ ਰਫਤਾਰ ਜਾਰੀ ਰਹੀ ਤਾਂ ਆਉਣ ਵਾਲੇ ਸਾਲਾਂ ਵਿੱਚ ਖੰਡ ਮਿੱਲਾਂ ਨੂੰ ਜ਼ਰੂਰਤ ਗੰਨਾ ਉਪਲੱਬਧ ਕਰਾਉਣਾ ਚੁਣੌਤੀ ਬਣ ਸਕਦਾ ਹੈ। ਇਸ ਦਾ ਅਸਰ ਖੰਡ ਉਤਪਾਦਨ 'ਤੇ ਵੀ ਪਵੇਗਾ। ਅੰਕੜਿਆਂ ਅਨੁਸਾਰ 2024-25 ਵਿੱਚ ਪੰਜਾਬ ਵਿੱਚ 72.8 ਲੱਖ ਟਨ ਗੰਨੇ ਦੀ ਪੈਦਾਵਾਰ ਹੋਈ ਸੀ। 2025-26 ਵਿੱਚ ਇਹ ਘੱਟ ਕੇ 69.1 ਲੱਖ ਟਨ ਰਹਿ ਗਈ। ਭਾਵ ਸਿਰਫ ਇੱਕ ਸਾਲ ਵਿੱਚ 37 ਲੱਖ ਟਨ ਕਰੀਬ 5.08 ਫੀਸਦੀ ਦੀ ਗਿਰਾਵਟ ਆਈ। ਗੰਨੇ ਦੀ ਪੈਦਾਵਾਰ ਵਿੱਚ ਕਮੀ ਦਾ ਮਤਲਬ ਇਹ ਨਹੀਂ ਹੈ ਕਿ ਪੰਜਾਬ ਵਿੱਚ ਇਸ ਸਮੇਂ ਖੰਡ ਦੀ ਕਮੀ ਹੋ ਗਈ ਹੈ। ਅਸਲ ਚਿੰਤਾ ਭਵਿੱਖ ਦੀ ਹੈ। ਜੇ ਗੰਨੇ ਦਾ ਰਕਬਾ ਅਤੇ ਪੈਦਾਵਾਰ ਲਗਾਤਾਰ ਘੱਟ ਹੁੰਦੀ ਰਹੀ ਤਾਂ ਮਿੱਲਾਂ ਨੂੰ ਪਿੜਾਈ ਲਈ ਜ਼ਰੂਰਤ ਮੁਤਾਬਕ ਗੰਨਾ ਇਕੱਠਾ ਕਰਨ ਵਿੱਚ ਮੁਸ਼ਕਲ ਆ ਸਕਦੀ ਹੈ। ਇਸ ਦਾ ਸਿੱਧਾ ਅਸਰ ਖੰਡ ਦੇ ਉਤਪਾਦਨ ਅਤੇ ਬਾਜ਼ਾਰ ਭਾਅ 'ਤੇ ਪੈ ਸਕਦਾ ਹੈ।

ਸਾਲ ਦਰ ਸਾਲ ਘਟਦੀ ਸੂਬੇ ਵਿੱਚ ਗੰਨੇ ਦੀ ਪੈਦਾਵਾਰ	
2020-21	74.9 ਲੱਖ ਟਨ
2021-22	71.3 ਲੱਖ ਟਨ
2022-23	75.1 ਲੱਖ ਟਨ
2023-24	75.1 ਲੱਖ ਟਨ
2024-25	72.8 ਲੱਖ ਟਨ
2025-26	69.1 ਲੱਖ ਟਨ

ਈਥਾਨੌਲ ਨੂੰ ਲੈ ਕੇ ਤਸਵੀਰ ਸਾਫ਼ ਕਰਨੀ ਜ਼ਰੂਰੀ

ਈਥਨੋਲ ਉਤਪਾਦਨ ਨੂੰ ਲੈ ਕੇ ਨਿੱਜੀ ਮਿੱਲਾਂ ਦੇ ਵਧਦੇ ਰੁਝਾਨ ਦੀ ਗੱਲ ਸਾਹਮਣੇ ਆ ਰਹੀ ਹੈ। ਹਾਲਾਂਕਿ ਉਪਲੱਬਧ ਜਾਣਕਾਰੀ ਵਿੱਚ ਇਹ ਸਪੱਸ਼ਟ ਅੰਕੜਾ ਨਹੀਂ ਹੈ ਕਿ ਪੰਜਾਬ ਵਿੱਚ 2025-26 ਦੌਰਾਨ ਕੁੱਲ ਕਿੰਨੇ ਟਨ ਗੰਨੇ ਦੀ ਵਰਤੋਂ ਈਥਨੋਲ ਬਣਾਉਣ ਵਿੱਚ ਹੋਈ। ਇਸ ਲਈ ਫਿਲਹਾਲ ਇਸ ਨੂੰ ਕਿਸੇ ਤੈਅ ਫੀਸਦੀ ਜਾਂ ਲੱਖ ਟਨ ਦੇ ਅੰਕੜੇ ਨਾਲ ਜੋੜਨਾ ਠੀਕ ਨਹੀਂ ਹੋਵੇਗਾ।

ਸਰਕਾਰ ਨੇ ਵਧਾਈ ਨਿਗਰਾਨੀ

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਨੁਸਾਰ ਸਰਕਾਰ ਉੱਨਤ ਬੀਜ, ਸਬਸਿਡੀ ਵਾਲੀ ਖੇਤੀ ਮਸ਼ੀਨਰੀ, ਖਾਦ, ਕੀਟਨਾਸ਼ਕ, ਮਿੱਟੀ ਜਾਂਚ, ਜਾਗਰੂਕਤਾ ਕੈਂਪ ਅਤੇ ਸਿਖਲਾਈ ਵਰਗੀਆਂ ਸਹੂਲਤਾਂ ਰਾਹੀਂ ਸੂਬੇ ਵਿੱਚ ਗੰਨੇ ਦੀ ਖੇਤੀ ਨੂੰ ਉਤਸ਼ਾਹਿਤ ਕਰ ਰਹੀ ਹੈ। ਖੰਡ ਦੀ ਜਮਾਂਖੋਰੀ ਰੋਕਣ ਲਈ ਵੀ ਸਟਾਕ ਦੀ ਨਿਗਰਾਨੀ ਵਧਾਈ ਗਈ ਹੈ। ਇੱਕ ਥਾਂ 'ਤੇ 4000 ਕੁਇੰਟਲ ਤੋਂ ਵੱਧ ਖੰਡ ਰੱਖਣ 'ਤੇ ਰੋਕ ਹੈ ਅਤੇ ਖਰੀਦੀ ਗਈ ਖੰਡ ਨੂੰ 30 ਦਿਨ ਤੋਂ ਵੱਧ ਰੱਖਣ ਦੀ ਇਜਾਜ਼ਤ ਨਹੀਂ ਹੈ। ਇਹ ਵਿਵਸਥਾ 30 ਨਵੰਬਰ, 2026 ਤੱਕ ਲਾਗੂ ਰਹੇਗੀ।

ਸਰਕਾਰ ਨੇ ਵਧਾਈ ਨਿਗਰਾਨੀ

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਨੁਸਾਰ ਸਰਕਾਰ ਉੱਨਤ ਬੀਜ, ਸਬਸਿਡੀ ਵਾਲੀ ਖੇਤੀ ਮਸ਼ੀਨਰੀ, ਖਾਦ, ਕੀਟਨਾਸ਼ਕ, ਮਿੱਟੀ ਜਾਂਚ, ਜਾਗਰੂਕਤਾ ਕੈਂਪ ਅਤੇ ਸਿਖਲਾਈ ਵਰਗੀਆਂ ਸਹੂਲਤਾਂ ਰਾਹੀਂ ਸੂਬੇ ਵਿੱਚ ਗੰਨੇ ਦੀ ਖੇਤੀ ਨੂੰ ਉਤਸ਼ਾਹਿਤ ਕਰ ਰਹੀ ਹੈ। ਖੰਡ ਦੀ ਜਮਾਂਖੋਰੀ ਰੋਕਣ ਲਈ ਵੀ ਸਟਾਕ ਦੀ ਨਿਗਰਾਨੀ ਵਧਾਈ ਗਈ ਹੈ। ਇੱਕ ਥਾਂ 'ਤੇ 4000 ਕੁਇੰਟਲ ਤੋਂ ਵੱਧ ਖੰਡ ਰੱਖਣ 'ਤੇ ਰੋਕ ਹੈ ਅਤੇ ਖਰੀਦੀ ਗਈ ਖੰਡ ਨੂੰ 30 ਦਿਨ ਤੋਂ ਵੱਧ ਰੱਖਣ ਦੀ ਇਜਾਜ਼ਤ ਨਹੀਂ ਹੈ। ਇਹ ਵਿਵਸਥਾ 30 ਨਵੰਬਰ 2026 ਤੱਕ ਲਾਗੂ ਰਹੇਗੀ।

ਘਟਦਾ ਗੰਨੇ ਦਾ ਰਕਬਾ	
2020-21	2.84 ਲੱਖ ਹੈਕਟੇਅਰ
2025-26	ਕਰੀਬ 2.48 ਲੱਖ ਹੈਕਟੇਅਰ
ਕਮੀ	ਕਰੀਬ 36 ਹਜ਼ਾਰ ਹੈਕਟੇਅਰ
ਸੂਬੇ ਵਿੱਚ ਖੰਡ ਮਿੱਲਾਂ	22
ਸਹਿਕਾਰੀ	15
ਚਾਲੂ	9
ਬੰਦ	8
ਨਿੱਜੀ	7

ਬਾਸਮਤੀ ਦੀ ਕਾਸ਼ਤ ਤੋਂ ਕਿਸਾਨਾਂ ਦਾ ਮੋਹ ਭੰਗ

★ ਇੱਕ ਸਾਲ ਵਿੱਚ 2 ਲੱਖ ਹੈਕਟੇਅਰ ਰਕਬਾ ਘਟਿਆ ★ ਵਾਜਬ ਭਾਅ ਨਾ ਮਿਲਣਾ ਅਤੇ ਵਧਦਾ ਖਰਚਾ ਬਣੀ ਵੱਡੀ ਵਜ੍ਹਾ

ਪੰਜਾਬ ਵਿੱਚ ਕਦੇ ਕਿਸਾਨਾਂ ਲਈ ਚੰਗੀ ਆਮਦਨ ਦਾ ਸਾਧਨ ਮੰਨੀ ਜਾਂਦੀ ਬਾਸਮਤੀ ਦੀ ਕਾਸ਼ਤ ਤੋਂ ਇਸ ਵਾਰ ਕਿਸਾਨਾਂ ਦਾ ਰੁਝਾਨ ਘਟਿਆ ਹੈ। 21 ਜੁਲਾਈ ਤੱਕ ਦੇ ਅੰਕੜਿਆਂ ਅਨੁਸਾਰ ਬਾਸਮਤੀ ਹੇਠ ਰਕਬਾ ਲਗਭਗ 4.70 ਲੱਖ ਹੈਕਟੇਅਰ ਰਹਿ ਗਿਆ ਹੈ, ਜਦਕਿ ਪਿਛਲੇ ਸਾਲ ਇਸੇ ਸਮੇਂ ਇਹ ਰਕਬਾ 6.70 ਲੱਖ ਹੈਕਟੇਅਰ ਸੀ। ਇਸ ਤਰ੍ਹਾਂ ਇੱਕ ਸਾਲ ਵਿੱਚ ਕਰੀਬ 2 ਲੱਖ ਹੈਕਟੇਅਰ ਰਕਬਾ ਘਟਿਆ ਹੈ। ਬਾਸਮਤੀ ਦੀ ਕਾਸ਼ਤ ਤੋਂ ਕਿਸਾਨਾਂ ਦੇ ਪਿੱਛੇ ਹਟਣ ਪਿੱਛੇ ਪਿਛਲੇ ਸਾਲ ਦਾ ਤਜਰਬਾ, ਵਧਦੀ ਖੇਤੀ ਲਾਗਤ ਅਤੇ ਬਰਾਮਦ ਮੰਡੀ ਨਾਲ ਜੁੜੀ ਅਨਿਸ਼ਚਿਤਤਾ ਮੁੱਖ ਕਾਰਨ ਦੱਸੇ ਜਾ ਰਹੇ ਹਨ। ਰਾਜ ਪੱਧਰੀ ਸਨਮਾਨ ਪ੍ਰਾਪਤ ਕਿਸਾਨ ਰਾਜ ਮੋਹਨ ਸਿੰਘ ਕਾਲੇਕਾ ਨੇ ਦੱਸਿਆ ਕਿ ਪਿਛਲੇ ਸਾਲ ਕਿਸਾਨਾਂ ਨੂੰ ਬਾਸਮਤੀ ਦਾ ਵਾਜਬ ਭਾਅ ਨਾ ਮਿਲਣ ਕਾਰਨ ਵੀ ਇਸ ਫ਼ਸਲ ਪ੍ਰਤੀ ਉਨ੍ਹਾਂ ਦਾ ਮੋਹ ਭੰਗ ਹੋਇਆ ਹੈ। ਉਨ੍ਹਾਂ ਕਿਹਾ ਕਿ ਬਾਸਮਤੀ ਦੀ ਕਾਸ਼ਤ 'ਤੇ ਖਰਚਾ ਕਾਫ਼ੀ ਆ ਜਾਂਦਾ ਹੈ ਅਤੇ ਜਦੋਂ ਫ਼ਸਲ ਵੇਚਣ ਸਮੇਂ ਉਸ ਅਨੁਸਾਰ ਭਾਅ ਨਾ ਮਿਲੇ, ਤਾਂ ਕਿਸਾਨਾਂ ਲਈ ਇਹ ਫ਼ਸਲ ਲਾਹੇਵੰਦ ਨਹੀਂ ਰਹਿੰਦੀ। ਉਨ੍ਹਾਂ ਅਨੁਸਾਰ ਪਿਛਲੇ ਸਾਲ ਦੇ ਭਾਅ ਨੇ ਇਸ ਵਾਰ ਕਿਸਾਨਾਂ ਦੇ ਬਾਸਮਤੀ ਦੀ ਬਿਜਾਈ ਸੰਬੰਧੀ ਫੈਸਲੇ ਨੂੰ ਵੀ ਪ੍ਰਭਾਵਿਤ ਕੀਤਾ ਹੈ। ਕਿਸਾਨ ਗੁਰਦੀਪ ਸਿੰਘ, ਕੁਲਵਿੰਦਰ ਸਿੰਘ ਅਤੇ ਸੁੱਖਾ ਸਿੰਘ ਨੇ ਦੱਸਿਆ ਕਿ ਬਾਸਮਤੀ ਦੀ ਫ਼ਸਲ ਨੂੰ ਬਿਮਾਰੀਆਂ ਅਤੇ ਕੀੜਿਆਂ ਤੋਂ ਬਚਾਉਣ ਲਈ ਵਧੇਰੇ ਸਾਂਭ-ਸੰਭਾਲ ਕਰਨੀ ਪੈਂਦੀ ਹੈ। ਬਿਮਾਰੀ ਜਾਂ ਕੀੜੇ ਦਾ ਹਮਲਾ ਹੋਣ 'ਤੇ ਦਵਾਈਆਂ ਦੀ ਵਰਤੋਂ ਦੇ ਨਾਲ ਵਾਧੂ ਮਿਹਨਤ ਵੀ ਕਰਨੀ ਪੈਂਦੀ ਹੈ, ਜਿਸ ਨਾਲ ਖਰਚਾ ਵੱਧ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬਾਸਮਤੀ ਦਾ ਭਾਅ ਮੰਡੀ ਦੀ ਮੰਗ ਅਤੇ ਵਿਦੇਸ਼ੀ ਬਾਜ਼ਾਰ ਨਾਲ ਜੁੜਿਆ ਹੋਣ ਕਾਰਨ ਇਸ ਵਿੱਚ ਉਤਾਰ-ਚੜ੍ਹਾਅ ਬਣਿਆ ਰਹਿੰਦਾ ਹੈ। ਬਾਸਮਤੀ ਦਾ ਭਾਅ ਮੰਡੀ ਦੀ ਮੰਗ ਅਤੇ ਵਿਦੇਸ਼ੀ ਬਾਜ਼ਾਰ ਦੀ ਸਥਿਤੀ ਨਾਲ ਜੁੜਿਆ ਹੋਣ ਕਾਰਨ ਇਸ ਵਿੱਚ ਉਤਾਰ-ਚੜ੍ਹਾਅ ਬਣਿਆ ਰਹਿੰਦਾ ਹੈ। ਇਸ ਕਰਕੇ ਬਿਜਾਈ ਸਮੇਂ ਕਿਸਾਨ ਲਈ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੁੰਦਾ ਹੈ ਕਿ ਕਟਾਈ ਵੇਲੇ ਉਸ ਨੂੰ ਕਿੰਨਾ ਭਾਅ ਮਿਲੇਗਾ। ਇਸ ਦੇ ਨਾਲ ਹੀ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਕਾਰਨ ਬਾਸਮਤੀ ਦੇ ਬਰਾਮਦ ਨੂੰ ਲੈ ਕੇ ਵੀ ਅਨਿਸ਼ਚਿਤਤਾ ਬਣੀ ਹੋਈ ਹੈ। ਬਾਸਮਤੀ ਹੇਠ ਰਕਬੇ ਵਿੱਚ ਆਈ ਕਰੀਬ 2 ਲੱਖ ਹੈਕਟੇਅਰ ਦੀ ਕਮੀ ਨੇ ਇਸ ਫ਼ਸਲ ਦੇ ਭਵਿੱਖ ਨੂੰ ਲੈ ਕੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਹੁਣ ਆਉਣ ਵਾਲੀ ਮੰਡੀ ਵਿੱਚ ਬਾਸਮਤੀ ਨੂੰ ਮਿਲਣ ਵਾਲਾ ਭਾਅ ਅਤੇ ਬਰਾਮਦ ਮੰਗ ਇਸ ਗੱਲ ਲਈ ਅਹਿਮ ਹੋਵੇਗੀ ਕਿ ਅਗਲੇ ਸੀਜ਼ਨ ਵਿੱਚ ਕਿਸਾਨ ਮੁੜ ਇਸ ਫ਼ਸਲ ਵੱਲ ਪਰਤਦੇ ਹਨ ਜਾਂ ਨਹੀਂ।

ਫ਼ਸਲਾਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਤੋਂ ਬਚਾਉਣ ਲਈ ਉੱਲੀਨਾਸ਼ਕ/ਕੀਟਨਾਸ਼ਕਾਂ ਆਦਿ ਜ਼ਹਿਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਰਸਾਇਣਾਂ ਦੀ ਖਰੀਦ, ਭੰਡਾਰ ਜਾਂ ਵਰਤੋਂ ਕਰਨ ਦੌਰਾਨ ਜੇਕਰ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਹੋ ਜਾਵੇ ਤਾਂ ਇਹ ਮਨੁੱਖੀ ਸਿਹਤ ਦੇ ਨਾਲ-ਨਾਲ ਪਸ਼ੂ, ਮਿੱਤਰ ਕੀੜੇ ਅਤੇ ਵਾਤਾਵਰਣ ਨੂੰ ਬਹੁਤ ਨੁਕਸਾਨ ਕਰ ਸਕਦੀ ਹੈ। ਕਈ ਵਾਰ ਇਹ ਜ਼ਹਿਰ ਸ਼ਰੀਰ ਦੇ ਅੰਦਰ ਚਲੇ ਜਾਂਦੇ ਹਨ ਜਿਸ ਕਰਕੇ ਮਨੁੱਖ ਦੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ ਅਤੇ ਜਾਨੀ ਨੁਕਸਾਨ ਵੀ ਹੋ ਸਕਦਾ ਹੈ। ਖੇਤੀ ਜ਼ਹਿਰਾਂ ਦੀ ਅੰਨੇ-ਵਾਹ ਵਰਤੋਂ ਅਤੇ ਛਿੜਕਾਅ ਤਕਨੀਕ ਸਹੀ ਨਾ ਹੋਣ ਕਰਕੇ ਕੀੜੇ-ਮਕੌੜੇ ਅਤੇ ਬਿਮਾਰੀਆਂ ਵਿੱਚ ਜ਼ਹਿਰਾਂ ਨੂੰ ਸਹਿਣ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ। ਇਸ ਲਈ ਖੇਤੀ ਜ਼ਹਿਰਾਂ ਦੀ ਵਰਤੋਂ ਕਰਨ ਵੇਲੇ ਕਿਸਾਨ ਭਰਾਵਾਂ ਨੂੰ ਬਹੁਤ ਸਾਵਧਾਨੀ ਦੀ ਲੋੜ ਹੈ।

ਕਿਸਾਨ ਭਰਾਵੋ! ਖੇਤੀ ਰਸਾਇਣਾਂ ਦੀ ਵਰਤੋਂ ਸਾਵਧਾਨੀ ਨਾਲ ਕਰੋ

ਰਜਿੰਦਰ ਸਿੰਘ, ਯਾਮਿਨੀ ਸ਼ਰਮਾ ਅਤੇ ਨਰਿੰਦਰਦੀਪ ਸਿੰਘ
ਪੀ. ਏ. ਯੂ., ਫਾਰਮ ਸਲਾਹਕਾਰ ਸੇਵਾ ਕੇਂਦਰ, ਗੁਰਦਾਸਪੁਰ

ਖਰੀਦਣ ਵੇਲੇ

ਕੀੜੇ ਜਾਂ ਬਿਮਾਰੀ ਦੀ ਸਹੀ ਪਹਿਚਾਣ ਕਰਕੇ ਪ੍ਰਮਾਣਿਤ ਉਪਚਾਰ ਵਿੱਧੀ ਹੀ ਅਪਨਾਓ ਅਤੇ ਸਿਫਾਰਸ਼ ਕੀਤੀ ਜ਼ਹਿਰ ਹੀ ਖਰੀਦੋ। ਰਸਾਇਣ ਦੇ ਡੱਬੇ ਉੱਤੇ ਲੱਗੇ ਲੇਬਲ ਅਤੇ ਅੰਦਰ ਰੱਖੇ ਪਰਚੇ ਉੱਤੇ ਖੇਤੀਬਾੜੀ ਰਸਾਇਣ ਕਾਨੂੰਨ ਅਨੁਸਾਰ ਜ਼ਹਿਰ ਦਾ ਨਾਂ, ਵਪਾਰਿਕ ਚਿੰਨ੍ਹ, ਬਰੈਂਡ ਦਾ ਨਾਂ, ਬਨਾਉਣ ਦੀ ਮਿਤੀ, ਸਮਾਂ ਖਤਮ (ਐਕਸਪਾਇਰੀ ਡੇਟ) ਹੋਣ ਦੀ ਮਿਤੀ, ਪ੍ਰਤੀਕਾਰਕ ਦਾ ਨਾਂ, ਚਿਤਾਵਨੀ ਦੇ ਚਿੰਨ੍ਹ ਹੋਣਾ ਜ਼ਰੂਰੀ ਹਨ। ਜ਼ਹਿਰ ਦੇ ਡੱਬੇ ਨੁਕਸਾਨੇ ਹੋਏ ਜਾਂ ਲੀਕੇਜ਼ ਵਾਲੇ ਨਾ ਖਰੀਦੋ। ਜਿੰਨ੍ਹੀ ਲੋੜ ਹੋਵੇ ਉਨ੍ਹੀ ਹੀ ਦਵਾਈ ਖਰੀਦੋ। ਜੇਕਰ ਬਹੁਤ ਸਾਰੀਆਂ ਕੀਟਨਾਸ਼ਕ ਦਵਾਈਆਂ ਮੁਹੱਈਆ ਹੋਣ ਤਾਂ ਹਰੇ ਰੰਗ ਦੇ ਤਿਕੋਣੇ ਨਿਸ਼ਾਨ ਵਾਲੀਆਂ ਦਵਾਈਆਂ ਨੂੰ ਪਹਿਲ ਦਿਓ ਕਿਉਂਕਿ ਇਹ ਵਾਤਾਵਰਨ ਨੂੰ ਸਭ ਤੋਂ ਘੱਟ ਨੁਕਸਾਨ ਕਰਦੀਆਂ ਹਨ।

ਭੰਡਾਰ ਕਰਨ ਸਮੇਂ

ਕੀਟ ਨਾਸ਼ਕਾਂ ਨੂੰ ਸੁੱਕੀਆਂ ਅਤੇ ਸਾਫ ਸੁੱਥਰੀਆਂ ਥਾਵਾਂ ਤੇ ਹੀ ਰੱਖੋ। ਰਸਾਇਣਾਂ ਨੂੰ ਅਸਲੀ ਡੱਬਿਆਂ ਜਿਨ੍ਹਾਂ ਉਤੇ ਹਦਾਇਤਾਂ ਲਿਖੀਆਂ ਹੁੰਦੀਆਂ ਹਨ, ਵਿੱਚ ਹੀ ਰੱਖੋ। ਕਦੇ ਵੀ ਇਨ੍ਹਾਂ ਨੂੰ ਟਾਨਿਕ ਜਾਂ ਆਮ ਦਵਾਈਆਂ ਦੀਆਂ ਸ਼ੀਸ਼ੀਆਂ ਵਿੱਚ ਨਾ ਰੱਖੋ ਅਤੇ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖੋ। ਰਸੋਈ ਘਰ, ਜਾਨਵਰਾਂ ਦਾ ਚਾਰਾ, ਤੂੜੀ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਦੇ ਨਾਲ ਇਹ ਦਵਾਈਆਂ ਕਦੇ ਨਾ ਰੱਖੋ। ਜਿਹੜੀਆਂ ਦਵਾਈਆਂ ਦੇ ਸੂਰਜ ਦੀ ਰੋਸ਼ਨੀ ਵਿੱਚ ਖਰਾਬ ਹੋਣ ਦਾ ਡਰ ਹੋਵੇ, ਉਨ੍ਹਾਂ ਨੂੰ ਹਨੇਰੀ ਜਗ੍ਹਾ ਤੇ ਰੱਖੋ। ਜੋ ਦਵਾਈਆਂ ਘੁਲਣਸ਼ੀਲ ਪਾਊਡਰ ਦੇ ਰੂਪ ਵਿੱਚ ਹੋਣ, ਉਹਨਾਂ ਨੂੰ ਨਮੀਂ ਤੋਂ ਬਚਾ ਕੇ ਰੱਖੋ।

ਛਿੜਕਾਅ ਕਰਨ ਤੋਂ ਪਹਿਲਾਂ

ਇਹ ਯਕੀਨੀ ਬਣਾਓ ਕਿ ਛਿੜਕਾਅ ਕਰਨ ਵਾਲੇ ਵਿਅਕਤੀ ਦੇ ਸਰੀਰ ਤੇ ਕੋਈ ਜਖਮ ਨਾ ਹੋਵੇ। ਜਦੋਂ ਵਰਤੋਂ ਕਰਨੀ ਹੋਵੇ, ਉਸ ਵੇਲੇ ਹੀ ਘੋਲ ਤਿਆਰ ਕਰੋ। ਘੋਲ ਹਮੇਸ਼ਾ ਘਰ ਤੋਂ ਬਾਹਰ ਪੀਣ ਵਾਲੇ ਪਾਣੀ ਤੋਂ ਦੂਰ ਕਿਸੇ ਖੁੱਲ੍ਹੀ ਥਾਂ ਤੇ ਬਣਾਓ। ਡੱਬਿਆਂ ਜਾਂ ਸ਼ੀਸ਼ੀਆਂ ਨੂੰ ਸਾਵਧਾਨੀ ਨਾਲ ਖੋਲੋ ਤਾਂ ਜੋ ਦਵਾਈ ਉਛਲ ਕੇ ਸਰੀਰ ਉੱਤੇ ਨਾ ਪਵੇ। ਕਦੇ ਵੀ ਮੂੰਹ ਨਾਲ ਸ਼ੀਸ਼ੀ ਜਾਂ ਪੈਕਟ ਨੂੰ ਨਾ ਖੋਲੋ। ਦਵਾਈਆਂ ਨੂੰ ਮਾਪਣ ਲਈ ਸਹੀ ਮਾਪ ਜੰਤਰਾਂ ਦੀ ਵਰਤੋਂ ਕਰੋ। ਕੀਟ ਨਾਸ਼ਕ ਦਵਾਈਆਂ ਮਿਲਾਉਣ ਲਈ ਡੂੰਘਾ ਭਾਂਡਾ ਅਤੇ ਲੰਬੇ ਹੈਂਡਲ ਵਾਲਾ ਘੋਲਕ ਜਾਂ ਲੱਕੜ ਦੇ ਡੰਡੇ ਦੀ ਵਰਤੋਂ ਕਰੋ। ਨੰਗੇ ਹੱਥਾਂ ਨਾਲ ਘੋਲ ਨਾ ਬਣਾਓ। ਜਿਹੜੇ ਭਾਂਡੇ ਘੋਲ ਬਨਾਉਣ ਲਈ ਵਰਤੇ ਜਾਣ, ਉਨ੍ਹਾਂ ਨੂੰ ਘਰ ਦੇ ਕਿਸੇ ਹੋਰ ਕੰਮ ਲਈ ਨਾ ਵਰਤੋਂ। ਰਸਾਇਣ ਦੀ ਸਹੀ ਮਾਤਰਾ ਹੀ ਵਰਤੋਂ। ਜ਼ਿਆਦਾ ਮਾਤਰਾ ਵਰਤਣ ਨਾਲ ਰਸਾਇਣ ਵੀ ਬੇਕਾਰ ਜਾਂਦਾ ਹੈ ਅਤੇ ਨਾਲ ਹੀ ਪੌਦਿਆਂ ਤੇ ਸੜਨ ਦਾ ਵੀ ਡਰ ਰਹਿੰਦਾ ਹੈ। ਘੋਲ ਬਨਾਉਣ ਲਈ ਰਬੜ ਦੇ ਦਸਤਾਨੇ ਵਰਤੋਂ ਅਤੇ ਉਸ ਘੋਲ ਨੂੰ ਸਪਰੇਅ ਪੰਪ ਵਿੱਚ ਭਰਨ ਲਈ ਕੀਪ ਦੀ ਵਰਤੋਂ ਕਰੋ। ਛਿੜਕਾਅ ਯੰਤਰ ਠੀਕ ਹਾਲਤ ਵਿੱਚ ਹੋਣਾ ਚਾਹੀਦਾ ਹੈ। ਨੁਕਸ ਵਾਲੇ ਯੰਤਰਾਂ ਦੀ ਵਰਤੋਂ ਕਦੇ ਨਾ ਕਰੋ।

ਛਿੜਕਾਅ ਕਰਨ ਸਮੇਂ

ਠੀਕ ਤਰ੍ਹਾਂ ਦੇ ਕੱਪੜੇ ਜਿਵੇਂ ਓਵਰਕੋਟ, ਰਬੜ ਦੇ ਦਸਤਾਨੇ ਆਦਿ ਜ਼ਰੂਰ ਪਹਿਨੋ, ਤਾਂ ਕਿ ਦਵਾਈ ਦਾ ਘੋਲ ਸਰੀਰ ਤੇ ਨਾ ਡਿੱਗੇ। ਗੈਸ ਮਾਸਕ ਪਹਿਨੋ ਜਾਂ ਨੱਕ ਤੇ ਕੱਪੜਾ ਬੰਨ ਲਓ, ਤਾਂ ਜੋ ਰਸਾਇਣ ਸਾਹ ਰਾਹੀਂ ਸਰੀਰ ਅੰਦਰ ਨਾ ਜਾ ਸਕੇ। ਛਿੜਕਾਅ ਕਰਨ ਵਾਲਾ ਸਿਖਲਾਈ ਪ੍ਰਾਪਤ ਅਤੇ ਸਿਹਤਮੰਦ ਵਿਅਕਤੀ ਹੋਵੇ। ਉਸ ਦੇ ਸਰੀਰ ਤੇ ਕਿਸੇ ਪ੍ਰਕਾਰ ਦਾ ਕੋਈ ਜ਼ਖ਼ਮ ਨਾ ਹੋਵੇ। ਜੇਕਰ ਛਿੜਕਾਅ ਯੰਤਰ ਦੀ ਨੋਜ਼ਲ ਬੰਦ ਹੋ ਜਾਵੇ, ਤਾਂ ਮੂੰਹ ਨਾਲ ਫੂਕ ਮਾਰ ਕੇ ਨਾ ਖੋਲੋ ਸਗੋਂ ਸਫਾਈ ਲਈ ਪਾਣੀ ਜਾਂ ਪਤਲੀ ਤਾਰ ਦੀ ਵਰਤੋਂ ਕਰੋ। ਜੇਕਰ ਵਰਖਾ ਜਾਂ ਹਨੇਰੀ ਦੀ ਸੰਭਾਵਨਾ ਹੋਵੇ, ਤਾਂ ਛਿੜਕਾਅ ਨਾ ਕਰੋ। ਛਿੜਕਾਅ ਕਰਨ ਵੇਲੇ ਕੁੱਝ ਵੀ ਖਾਣਾ ਪੀਣਾ ਨਹੀਂ ਚਾਹੀਦਾ, ਇੱਥੋਂ ਤੱਕ ਕਿ ਪਾਨ, ਸੁਪਾਰੀ, ਸਿਗਰਟ, ਤੰਬਾਕੂ ਆਦਿ ਦਾ ਸੇਵਨ ਵੀ ਸੇਵਨ ਵੀ ਨਹੀਂ ਕਰਨਾ ਚਾਹੀਦਾ। ਛਿੜਕਾਅ ਉਸ ਵੇਲੇ ਕਰੋ, ਜਦੋਂ ਪਰਾਗਨ ਕਰਨ ਵਾਲੇ ਕੀੜਿਆਂ ਦੀ ਗਿਣਤੀ ਘੱਟ ਹੁੰਦੀ ਹੈ, ਨਹੀਂ ਤਾਂ ਦੁਸ਼ਮਣ ਕੀੜਿਆਂ ਦੇ ਨਾਲ-ਨਾਲ ਮਿੱਤਰ ਕੀੜੇ ਵੀ ਮਰ ਜਾਣਗੇ। ਹਮੇਸ਼ਾਂ ਹਵਾ ਦੀ ਦਿਸ਼ਾ ਵਿੱਚ ਹੀ ਛਿੜਕਾਅ ਕਰੋ। ਜੇਕਰ ਛਿੜਕਾਅ ਕਰਨ ਵਾਲਾ ਵਿਅਕਤੀ ਤਬੀਅਤ ਠੀਕ ਮਹਿਸੂਸ ਨਾ ਕਰੇ, ਤਾਂ ਤੁਰੰਤ ਛਿੜਕਾਅ ਬੰਦ ਕਰਕੇ ਉਸ ਨੂੰ ਡਾਕਟਰੀ ਸਹਾਇਤਾ ਦਿੱਤੀ ਜਾਵੇ।

ਛਿੜਕਾਅ ਕਰਨ ਤੋਂ ਬਾਅਦ

ਖੇਤੀ ਰਸਾਇਣਾਂ ਦੇ ਛਿੜਕਾਅ ਤੋਂ ਬਾਅਦ ਕੱਪੜਿਆਂ ਨੂੰ ਬਦਲ ਕੇ ਧੋ ਦਿਓ ਅਤੇ ਹੱਥਾਂ, ਪੈਰਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਧੋਵੋ। ਜੇ ਘੋਲ ਛਿੜਕਾਅ ਤੋਂ ਬਾਅਦ ਬਚ ਗਿਆ ਹੈ ਤਾਂ ਉਸ ਨੂੰ ਕਦੇ ਵੀ ਕਦੇ ਵੀ ਯੰਤਰ ਵਿੱਚ ਨਾ ਛੱਡੋ ਸਗੋਂ, ਦੂਜੇ ਕਿਸਾਨਾਂ ਨੂੰ ਦਿਤਾ ਜਾ ਸਕਦਾ ਹੈ। ਜੇਕਰ ਕੋਈ ਵਰਤੋਂ ਦਿਖਾਈ ਨਾ ਦੇਵੇ, ਤਾਂ ਮਿੱਟੀ ਵਿੱਚ ਦਬਾ ਦਿਓ। ਕੀਟ ਨਾਸ਼ਕ ਦਵਾਈਆਂ ਦੀਆਂ ਖਾਲੀ ਸ਼ੀਸ਼ੀਆਂ, ਡੱਬਿਆਂ ਆਦਿ ਨੂੰ ਸਾੜ ਦਿਓ ਜਾਂ ਟੋਆ ਪੁੱਟ ਕੇ ਦਬਾ ਦੇਵੋ ਅਤੇ ਇਹਨਾਂ ਨੂੰ ਕਦੇ ਵੀ ਪਾਣੀ ਪੀਣ ਲਈ ਜਾਂ ਖਾਣ ਵਾਲੇ ਪਦਾਰਥਾਂ ਲਈ ਨਾ ਵਰਤੋਂ। ਛਿੜਕਾਅ ਯੰਤਰਾਂ ਨੂੰ ਚੰਗੀ ਤਰ੍ਹਾਂ ਸਾਫ ਕਰਕੇ, ਸੁਕਾ ਕੇ ਕਿਸੇ ਸੁਰੱਖਿਅਤ ਥਾਂ ਤੇ ਰੱਖੋ। ਜੇਕਰ ਕੀਟ ਨਾਸ਼ਕ ਦੇ ਛਿੜਕਾਅ ਤੋਂ ਬਾਅਦ 5-6 ਘੰਟਿਆਂ ਦੇ ਅੰਦਰ ਬਾਰਿਸ਼ ਹੋ ਜਾਵੇ ਤਾਂ ਛਿੜਕਾਅ ਦੁਬਾਰਾ ਕਰੋ। ਚੰਗਾ ਹੋਵੇ, ਜੇਕਰ ਛਿੜਕਾਅ ਤੋਂ ਪਹਿਲਾਂ ਤਿਆਰ ਸਬਜ਼ੀਆਂ ਅਤੇ ਫਲਾਂ ਨੂੰ ਤੋੜ ਲਿਆ ਜਾਵੇ ਨਹੀਂ ਤਾਂ ਛਿੜਕਾਅ ਦੇ ਕੁੱਝ ਨਿਸ਼ਚਿਤ ਸਮੇਂ (ਵੇਟਿੰਗ ਪੀਰੀਅਡ) ਬਾਅਦ ਹੀ ਫਲ ਅਤੇ ਸਬਜ਼ੀਆਂ ਤੋੜੋ। ਦਵਾਈਆਂ ਦੇ ਸੰਪਰਕ ਵਿੱਚ ਆਏ ਅਨਾਜ, ਫਲਾਂ ਅਤੇ ਸਬਜ਼ੀਆਂ ਦੀ ਵਰਤੋਂ ਨਾ ਕਰੋ। ਛਿੜਕਾਅ ਕਰਦੇ ਸਮੇਂ ਨੇੜੇ ਦੇ ਖੂਹਾਂ, ਚਰਾਂਦਾ ਜਾਂ ਛੱਪੜਾਂ ਦਾ ਖਿਆਲ ਰੱਖੋ ਨਹੀਂ ਤਾਂ ਮਨੁੱਖਾਂ ਅਤੇ ਪਸ਼ੂਆਂ ਲਈ ਹਾਨੀਕਾਰਕ ਸਿੱਧ ਹੋ ਸਕਦਾ ਹੈ। ਕਿਸੇ ਅਣਜਾਣ ਵਿਅਕਤੀ ਜਾਂ ਜਾਨਵਰ ਆਦਿ ਨੂੰ ਛਿੜਕਾਅ ਵਾਲੇ ਖੇਤ ਵਿੱਚ ਘੁੰਮਣ ਨਾ ਦਿਓ। ਧਿਆਨ ਰੱਖੋ ਕਿ ਕੋਈ ਅਣਜਾਣੇ ਵਿੱਚ ਹੀ ਛਿੜਕਾਅ ਕੀਤੀ ਸਬਜ਼ੀ ਤੋੜ ਕੇ ਨਾ ਵਰਤ ਲਏ। ਜੇਕਰ ਹੋ ਸਕੇ, ਤਾਂ ਉਸ ਖੇਤ ਵਿੱਚ ਸਾਵਧਾਨੀ ਵਾਸਤੇ ਇੱਕ ਬੋਰਡ ਲਗਾ ਦੇਵੋ

ਝੋਨੇ ਵਿੱਚ ਬੂਟੇ ਦੇ ਟਿੱਡਿਆਂ ਦੀ ਸਰਵਪੱਖੀ ਰੋਕਥਾਮ

ਪ੍ਰੀਤਇੰਦਰ ਸਿੰਘ ਸਰਾਓ ਅਤੇ ਹਰਪਾਲ ਸਿੰਘ ਰੰਧਾਵਾ
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋਬਾਇਲ 98720-06248

ਬੂਟਿਆਂ ਦੇ ਟਿੱਡਿਆਂ ਦੀਆਂ ਦੋ ਪ੍ਰਮੁੱਖ ਕਿਸਮਾਂ, ਚਿੱਟੀ ਪਿੱਠ ਵਾਲੇ ਟਿੱਡੇ ਅਤੇ ਭੂਰੇ ਟਿੱਡੇ, ਝੋਨੇ ਦੀ ਫ਼ਸਲ ਨੂੰ ਆਰਥਿਕ ਨੁਕਸਾਨ ਪਹੁੰਚਾਉਂਦੀਆਂ ਹਨ । ਉੱਚ ਉਪਜ ਵਾਲੀਆਂ ਅਤੇ ਵੱਧ ਨਿਵੇਸ਼ (ਨਾਈਟ੍ਰੋਜਨ ਖਾਦਾਂ ਅਤੇ ਸਿੰਚਾਈ ਆਧਾਰਿਤ) ਕਿਸਮਾਂ ਦੀ ਕਾਸ਼ਤ ਕਾਰਨ ਫ਼ਸਲ ਵਿੱਚ ਕੀੜਿਆਂ ਅਤੇ ਬਿਮਾਰੀਆਂ ਪ੍ਰਤੀ ਸੰਵੇਦਨਸ਼ੀਲਤਾ ਵਧੀ ਹੈ । ਸਾਉਣੀ 2022 ਅਤੇ 2025 ਦੌਰਾਨ ਪੰਜਾਬ ਦੇ ਕਈ ਝੋਨਾ ਉਗਾਉਣ ਵਾਲੇ ਜ਼ਿਲ੍ਹਿਆਂ ਵਿੱਚ ਝੋਨੇ ਦੇ ਬੂਟਿਆਂ ਵਿੱਚ ਬੌਣਾਪਣ ਦੇ ਲੱਛਣ ਵੇਖੇ ਗਏ, ਜੋ 'ਸਦਰਨ ਰਾਈਸ ਬਲੈਕ-ਸਟ੍ਰੀਕਡ ਡਵਾਰਫ ਵਾਇਰਸ' ਨਾਮਕ ਵਾਇਰਸ ਕਾਰਨ ਸਨ । ਇਹ ਵਾਇਰਸ ਚਿੱਟੀ ਪਿੱਠ ਵਾਲੇ ਟਿੱਡੇ ਦੀਆਂ ਨਿੰਫ ਅਤੇ ਬਾਲਗ ਦੋਹਾਂ ਅਵਸਥਾਵਾਂ ਨਾਲ ਸੰਬੰਧਿਤ ਹੈ । ਇਸ ਤੋਂ ਇਲਾਵਾ, ਭੂਰੇ ਟਿੱਡੇ ਕਾਰਨ ਹੋਣ ਵਾਲੇ 'ਹੌਪਰ ਬਰਨ' ਦੇ ਪ੍ਰਕੋਪ ਵੀ ਪੰਜਾਬ ਅਤੇ ਗੁਆਂਢੀ ਰਾਜਾਂ ਦੇ ਕਈ ਪਿੰਡਾਂ ਵਿੱਚ ਦਰਜ ਕੀਤੇ ਗਏ ।

ਚਿੱਟੀ ਪਿੱਠ ਵਾਲੇ ਟਿੱਡੇ

ਟਿੱਡੇ ਦੀ ਮਾਦਾ ਪੱਤੇ ਦੀ ਝਿੱਲੀ (ਲੀਫ ਸੀਥ) ਦੇ ਅੰਦਰ ਲੰਬੀਆਂ ਕਤਾਰਾਂ ਅੰਡੇ ਦਿੰਦੀ ਹੈ ਅਤੇ ਇੱਕ ਮਾਦਾ ਆਪਣੇ ਜੀਵਨ ਦੌਰਾਨ ਔਸਤਨ 164 ਅੰਡੇ ਦਿੰਦੀ ਹੈ, ਪਰ ਕਈ ਵਾਰ ਇਹ ਗਿਣਤੀ 300-350 ਅੰਡਿਆਂ ਤੱਕ ਵੀ ਹੋ ਸਕਦੀ ਹੈ । ਇਸ ਦੇ ਅੰਡੇ ਭੂਰੇ ਟਿੱਡੇ ਦੇ ਅੰਡਿਆਂ ਨਾਲੋਂ ਲੰਮੇ ਹੁੰਦੇ ਹਨ ਅਤੇ

ਉਨ੍ਹਾਂ ਦਾ ਅੱਗਲਾ ਹਿੱਸਾ ਹੋਰ ਨੁਕੀਲਾ ਹੁੰਦਾ ਹੈ । ਅਨੁਕੂਲ ਹਾਲਾਤਾਂ ਵਿੱਚ ਅੰਡੇ ਲਗਭਗ 6 ਦਿਨਾਂ ਵਿੱਚ ਫੁੱਟ ਜਾਂਦੇ ਹਨ । ਨਿੰਫ (ਬੱਚੇ) ਚਿੱਟੀ ਪਿੱਠ ਵਾਲੇ ਟਿੱਡੇ ਦੇ ਨਿੰਫ ਸਫੈਦ ਤੋਂ ਲੈ ਕੇ ਗੂੜ੍ਹੇ ਸਲੇਟੀ, ਕਾਲੇ ਅਤੇ ਸਫੈਦ ਧਬਿਆਂ ਵਾਲੇ ਰੰਗ ਦੇ ਹੁੰਦੇ ਹਨ । ਬਾਲਕ ਟਿੱਡੇ ਦਾ ਬਾਲਗ ਹਾਪਰ ਲਗਭਗ 3.5-4.0 ਮਿਮੀ. ਲੰਬਾ ਹੁੰਦਾ ਹੈ । ਇਸ ਦਾ ਸਰੀਰ ਪੱਥਰ ਵਰਗਾ ਹੁੰਦਾ ਹੈ ਅਤੇ ਮੂੰਹ ਵਾਲਾ ਹਿੱਸਾ ਤੰਗ ਹੁੰਦਾ ਹੈ । ਇਸ ਦੇ ਅਗਲੇ ਖੰਭ ਪਾਰਦਰਸ਼ੀ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਕਾਲੀਆਂ ਨਾੜੀਆਂ ਦਿਖਾਈ ਦਿੰਦੀਆਂ ਹਨ । ਸਰੀਰ ਦਾ ਰੰਗ ਕ੍ਰੀਮੀ ਸਫੈਦ ਹੁੰਦਾ ਹੈ, ਜਦਕਿ ਪਿੱਠ ਵਾਲਾ ਹਿੱਸਾ ਕਾਲਾ ਹੁੰਦਾ ਹੈ । ਹਰ ਅੱਗਲੇ ਪੱਖ ਦੇ ਪਿਛਲੇ ਕਿਨਾਰੇ ਦੇ ਵਿਚਕਾਰ ਇੱਕ ਕਾਲਾ ਧੱਬਾ ਹੁੰਦਾ ਹੈ, ਜੋ ਪੰਖ ਬੰਦ ਹੋਣ 'ਤੇ ਆਪਸ ਵਿੱਚ ਮਿਲ ਜਾਂਦਾ ਹੈ । ਝੋਨੇ ਦੇ ਖੇਤਾਂ ਵਿੱਚ ਆਮ ਤੌਰ 'ਤੇ ਲੰਬੇ ਪੰਖਾਂ ਵਾਲੇ ਨਰ ਅਤੇ ਮਾਦਾ ਅਤੇ ਛੋਟੇ ਪੰਖਾਂ ਵਾਲੀਆਂ ਮਾਦਾਵਾਂ ਵੇਖੀਆਂ ਜਾਂਦੀਆਂ ਹਨ ।

ਭੂਰੇ ਟਿੱਡੇ

ਟਿੱਡੇ ਦੀ ਮਾਦਾ ਪੱਤੇ ਦੀ ਝਿੱਲੀ ਲੀਫ ਸੀਥ ਦੇ ਵਿਚਕਾਰਲੇ ਹਿੱਸੇ ਵਿੱਚ ਸਿੱਧੀ ਕਤਾਰ ਵਿੱਚ ਅੰਡੇ ਦਿੰਦੀ ਹੈ । ਕਈ ਵਾਰ ਇਹ ਅੰਡੇ ਪੱਤੇ ਦੀ ਮੱਧ ਨਾੜੀ ਦੇ ਅੰਦਰ ਵੀ ਰੱਖੇ ਜਾਂਦੇ ਹਨ । ਹਰ ਅੰਡੇ ਉੱਤੇ ਮਾਦਾ ਵੱਲੋਂ ਬਣਾਇਆ ਗਿਆ ਗੁੰਬਦ-ਆਕਾਰ ਦਾ ਢੱਕਣ (ਐਗ ਪਲੱਗ) ਹੁੰਦਾ ਹੈ ਅਤੇ ਅੰਡੇ ਦਾ ਸਿਰਫ਼ ਨੁਕੀਲਾ ਹਿੱਸਾ ਹੀ ਪੌਦੇ ਦੀ ਸਤ੍ਹਾ ਤੋਂ ਬਾਹਰ ਦਿਖਾਈ ਦਿੰਦੀ ਹੈ । ਅੰਡੇ ਫੁੱਟਣ

ਤੋਂ ਥੋੜ੍ਹਾ ਪਹਿਲਾਂ ਉਨ੍ਹਾਂ ਦੇ ਇੱਕ ਸਿਰੇ 'ਤੇ ਲਾਲ ਰੰਗ ਦੀਆਂ ਅੱਖਾਂ ਵਰਗੀਆਂ ਨਿਸ਼ਾਨੀਆਂ ਸਪੱਸ਼ਟ ਦਿਖਾਈ ਦਿੰਦੀਆਂ ਹਨ । ਅਨੁਕੂਲ ਹਾਲਾਤਾਂ ਵਿੱਚ ਅੰਡੇ 6 ਤੋਂ 9 ਦਿਨਾਂ ਵਿੱਚ ਫੁੱਟ ਜਾਂਦੇ ਹਨ ।

ਨਿੰਫ (ਬੱਚੇ)

ਨਵਾਂ ਨਿਕਲਿਆ ਨਿੰਫ ਰੂੰ ਵਰਗਾ ਸਫੈਦ ਹੁੰਦਾ ਹੈ । ਨਿਕਲਣ ਤੋਂ ਲਗਭਗ ਇੱਕ ਘੰਟੇ ਦੇ ਅੰਦਰ ਇਸ ਦਾ ਰੰਗ ਹਲਕਾ ਭੂਰਾ ਹੋ ਜਾਂਦਾ ਹੈ । ਇਹ ਪੌਦੇ ਦਾ ਰਸ ਚੂਸ ਕੇ ਖੁਰਾਕ ਲੈਂਦਾ ਹੈ । ਬਾਲਗ ਕੀੜਾ ਹਲਕੇ ਭੂਰੇ ਤੋਂ ਗੂੜ੍ਹੇ ਭੂਰੇ ਰੰਗ ਤੱਕ ਹੋ ਸਕਦਾ ਹੈ । ਮਾਦਾ ਆਮ

ਤੌਰ 'ਤੇ ਨਰ ਨਾਲੋਂ ਵੱਡੀ ਹੁੰਦੀ ਹੈ । ਮਾਦਾ ਕੀੜੀ ਦੋ ਤਰ੍ਹਾਂ ਦੀ ਹੁੰਦੀ ਹੈ : ਲੰਬੇ ਖੰਭਾਂ ਵਾਲੀ ਇਸ ਦੇ ਖੰਭ ਪੇਟ ਦੇ ਅੰਤ ਤੋਂ ਅੱਗੇ ਤੱਕ ਨਿਕਲੇ ਹੁੰਦੇ ਹਨ ।

ਛੋਟੇ ਖੰਭਾਂ ਵਾਲੀ ਮਾਦਾ

ਇਸ ਦੇ ਖੰਭ ਪੇਟ ਦੇ ਅੰਤ ਤੋਂ ਅੱਗੇ ਨਹੀਂ ਪਹੁੰਚਦੇ । ਲੰਬੇ ਖੰਭਾਂ ਵਾਲੀ ਮਾਦਾ ਦੂਰ-ਦੂਰ ਤੱਕ ਉੱਡ ਸਕਦੀ ਹੈ ਅਤੇ ਹਜ਼ਾਰਾਂ ਕਿਲੋਮੀਟਰ ਜ਼ਮੀਨ ਅਤੇ ਸਮੁੰਦਰ ਪਾਰ ਕਰ ਸਕਦੀ ਹੈ । ਝੋਨੇ ਦੇ ਖੇਤ ਵਿੱਚ ਪਹੁੰਚਣ ਤੋਂ ਬਾਅਦ ਇਹ ਜਲਦੀ ਹੀ ਅੰਡੇ ਦੇਣਾ ਸ਼ੁਰੂ ਕਰ ਦਿੰਦੀ ਹੈ । ਪਹਿਲੀ ਪੀੜ੍ਹੀ ਦੇ ਨਿੰਫ ਛੋਟੇ ਖੰਭਾਂ ਵਾਲੇ ਬਾਲਗ ਬਣਦੇ ਹਨ । ਇਹ ਉੱਡ ਨਹੀਂ ਸਕਦੇ, ਪਰ ਇਨ੍ਹਾਂ ਦੀ ਪ੍ਰਜਨਨ ਸਮਰੱਥਾ ਬਹੁਤ ਵੱਧ ਹੁੰਦੀ ਹੈ ਅਤੇ ਹਰ ਮਾਦਾ 300 ਤੋਂ ਵੱਧ ਅੰਡੇ ਦੇ ਸਕਦੀ ਹੈ । ਦੂਜੀ ਪੀੜ੍ਹੀ ਦੇ ਨਿੰਫ ਅਤੇ ਬਾਲਗ ਝੋਨੇ ਦੇ ਪੌਦਿਆਂ ਦੇ ਨੀਵੇਂ ਹਿੱਸੇ ਵਿੱਚ ਇਕੱਠੇ ਹੋ ਜਾਂਦੇ ਹਨ । ਇਨ੍ਹਾਂ ਦੀ ਵੱਧ ਖੁਰਾਕ ਲੈਣ ਕਾਰਨ ਪੌਦਿਆਂ ਨੂੰ ਗੰਭੀਰ ਨੁਕਸਾਨ ਹੁੰਦਾ ਹੈ, ਜਿਸਨੂੰ 'ਹਾਪਰ ਬਰਨ' (ਟਿੱਡੇ ਦਾ ਸਾੜ) ਕਿਹਾ ਜਾਂਦਾ ਹੈ । ਜਦੋਂ ਭੂਰੇ ਟਿੱਡੇ ਦਾ ਹਮਲਾ ਬਹੁਤ ਜ਼ਿਆਦਾ ਹੋਵੇ, ਤਾਂ ਖੇਤ ਵਿੱਚ ਲੰਬੇ ਖੰਭਾਂ ਵਾਲੇ ਅਤੇ ਛੋਟੇ ਖੰਭਾਂ ਵਾਲੇ ਨਰ-ਮਾਦਾ ਕੀੜੇ ਅਤੇ ਨਿੰਫ ਇਕੱਠੇ ਵੇਖੇ ਜਾ ਸਕਦੇ ਹਨ ।

ਹਮਲੇ ਦੀਆਂ ਨਿਸ਼ਾਨੀਆਂ

ਝੋਨੇ ਨੂੰ ਨੁਕਸਾਨ ਪਹੁੰਚਾਉਣ ਵਾਲੇ ਭੂਰੇ ਟਿੱਡੇ ਅਤੇ ਚਿੱਟੀ ਪਿੱਠ ਵਾਲੇ ਟਿੱਡੇ ਦੋਵੇਂ ਹੀ ਚੁੱਭਣ ਅਤੇ ਰਸ ਚੂਸਣ ਵਾਲੇ

ਬਾਕੀ ਸਫਾ 6 'ਤੇ

Crop® Chemicals
ਕਿਰਤਰ ਗੁਣਵੱਤਾ
ਕਿਰਤਰ ਫਸਲ
CONTACT: 8288014051 | 9216103075 | 9216103069

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ
ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ
ਨਵੀਨਤਮ ਜਾਣਕਾਰੀ ਪਾਓ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/- ਰੁਪਏ
ਡਾਕ ਰਾਹੀਂ ਪ੍ਰਾਪਤ ਕਰਨ ਲਈ
ਇੱਕ ਸਾਲ 500/- ਰੁਪਏ
ਦੋ ਸਾਲ 800/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ
ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 35
ਮਿਤੀ 29-08-2026

ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਇ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**,
Printer, Publisher and Owner of Weekly
'KHETI DUNIYAN' Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**

ਅਗਲੇ ਖੇਤੀ ਸੁਧਾਰ ਨੂੰ ਭਾਰਤ ਦੀ ਉਪਜ ਦੀ ਰੱਖਿਆ ਕਰਨੀ ਹੋਵੇਗੀ

ਫ਼ਸਲ ਸੁਰੱਖਿਆ ਨੂੰ ਸੁਧਾਰਾਂ ਦੇ ਅਗਲੇ ਪੜਾਅ ਦਾ ਇੱਕ ਕੇਂਦਰੀ ਹਿੱਸਾ ਬਣਾਉਣਾ ਚਾਹੀਦਾ ਹੈ। ਰਿਕਾਰਡ ਪੱਧਰ 'ਤੇ ਉਤਪਾਦਨ ਅਤੇ ਬਰਾਮਦ ਕਰਨ ਵਾਲੇ ਦੇਸ਼ ਨੂੰ ਫ਼ਸਲਾਂ ਦੀ ਸੁਰੱਖਿਆ ਅਤੇ ਵਿਸ਼ਵ ਬਾਜ਼ਾਰਾਂ ਵਿੱਚ ਆਪਣੀ ਮੁਕਾਬਲੇਬਾਜ਼ੀ ਬਣਾਈ ਰੱਖਣ ਲਈ ਇੱਕ ਆਧੁਨਿਕ ਪ੍ਰਣਾਲੀ ਦੀ ਲੋੜ ਹੈ। ਫ਼ਸਲ ਸੁਰੱਖਿਆ ਉਤਪਾਦਿਕਤਾ, ਕਿਸਾਨਾਂ ਦੀ ਆਮਦਨ, ਖ਼ੁਰਾਕ ਸੁਰੱਖਿਆ ਅਤੇ ਬਰਾਮਦ ਦੀ ਤਿਆਰੀ ਦੇ ਆਪਸੀ ਸੰਬੰਧਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਭਾਰਤ ਵਿੱਚ ਮਾਨਯੋਗ ਪ੍ਰਧਾਨ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਹੋਏ 12 ਸਾਲਾਂ ਦੇ ਸ਼ਾਸਨ ਸੁਧਾਰਾਂ ਦਾ ਜਸ਼ਨ ਮਨਾਉਂਦੇ ਹੋਏ ਖੇਤੀ ਖੇਤਰ ਵਿੱਚ ਇਕ ਵੱਡੀ ਸਫ਼ਲਤਾ ਦੇਖਣ ਨੂੰ ਮਿਲ ਰਹੀ ਹੈ। ਸਰਕਾਰ ਦੀ ਕਿਸਾਨ-ਕੇਂਦ੍ਰਿਤ ਨੀਤੀ ਨੇ ਆਮਦਨ ਵਧਾਉਣ, ਖੇਤੀ ਦੀ ਲਾਗਤ ਘਟਾਉਣ, ਜੋਖਮ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਖੇਤ ਤੋਂ ਬਾਜ਼ਾਰ ਤੱਕ ਆਧੁਨਿਕ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਨੂੰ ਪਹੁੰਚਾਉਣ 'ਤੇ ਧਿਆਨ ਕੇਂਦ੍ਰਿਤ ਕੀਤਾ ਹੈ।

ਸਿੱਧਾ ਲਾਭ ਟਰਾਂਸਫਰ, ਫ਼ਸਲ ਬੀਮਾ, ਸੰਸਥਾਗਤ ਕਰਜ਼ਾ, ਸਿੰਚਾਈ, ਡਿਜ਼ੀਟਲ ਬਾਜ਼ਾਰ, ਖੇਤੀ ਬੁਨਿਆਦੀ ਢਾਂਚਾ, ਮਿੱਟੀ ਦੀ ਸਿਹਤ, ਮਸ਼ੀਨੀਕਰਨ ਅਤੇ ਤਕਨਾਲੋਜੀ-ਆਧਾਰਿਤ ਸਲਾਹਕਾਰ ਸੇਵਾਵਾਂ ਨੇ ਮਿਲ ਕੇ ਕਿਸਾਨਾਂ ਲਈ ਕੰਮਕਾਜੀ ਮਾਹੌਲ ਨੂੰ ਬਿਹਤਰ ਬਣਾਇਆ ਹੈ।

ਇਸ ਦੇ ਨਤੀਜੇ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੇ ਹਨ। ਭਾਰਤ ਦਾ ਕੁੱਲ ਅਨਾਜ ਉਤਪਾਦਨ 2025-26 ਵਿੱਚ 376.56 ਮਿਲੀਅਨ ਟਨ ਹੋਣ ਦਾ ਅਨੁਮਾਨ ਹੈ, ਜੋ ਦੇਸ਼ ਦੇ ਇਤਿਹਾਸ ਵਿੱਚ ਹੁਣ ਤੱਕ ਦਾ ਸਭ ਤੋਂ ਵੱਧ ਹੈ। ਖੇਤੀ ਬਰਾਮਦ, ਜੋ ਵਿੱਤੀ ਸਾਲ 2014-15 ਵਿੱਚ 32.08 ਬਿਲੀਅਨ ਅਮਰੀਕੀ ਡਾਲਰ ਸੀ, ਵਿੱਤੀ ਸਾਲ 2025-26 ਵਿੱਚ ਰਿਕਾਰਡ 52.55 ਬਿਲੀਅਨ ਅਮਰੀਕੀ ਡਾਲਰ ਤੱਕ ਪਹੁੰਚਣ ਦਾ ਅੰਦਾਜ਼ਾ ਹੈ। ਹਾਲ ਹੀ ਵਿੱਚ ਜੀ. ਐਸ. ਟੀ. ਨੇ ਯੋਗਦਾਨ ਪਾਇਆ ਹੈ, ਜਿਸ ਨਾਲ 1800 ਸੀ. ਸੀ. ਤੋਂ ਘੱਟ ਸਮਰੱਥਾ ਵਾਲੇ ਟਰੈਕਟਰਾਂ, ਕਈ ਜੈਵ ਕੀਟਨਾਸ਼ਕਾਂ, ਸੂਖਮ ਪੋਸ਼ਕ ਤੱਤਾਂ ਅਤੇ ਹੋਰ ਖੇਤੀ ਸਬੰਧੀ ਇਨਪੁੱਟਸ 'ਤੇ ਦਰਾਂ ਘੱਟ ਹੋਈਆਂ ਹਨ। ਖੇਤੀ ਸਲਾਹ ਦੇ ਖੇਤਰ ਵਿੱਚ, ਰਾਸ਼ਟਰੀ ਕੀਟ ਨਿਗਰਾਨੀ ਪ੍ਰਣਾਲੀ ਅਤੇ ਭਾਰਤ-ਵਿਸਤਾਰ ਵਰਗੀਆਂ ਪਹਿਲ-ਕਦਮੀਆਂ ਕੀੜਿਆਂ ਬਾਰੇ ਜਾਣਕਾਰੀ ਅਤੇ ਫ਼ੈਸਲੇ ਲੈਣ ਦੀ ਸਮਰੱਥਾ ਨੂੰ ਬਿਹਤਰ ਬਣਾਉਣ ਵਿੱਚ ਸਹਾਇਕ ਸਿੱਧ ਹੋ ਰਹੀਆਂ ਹਨ। ਇਹ ਪਹਿਲਕਦਮੀਆਂ ਇੱਕ ਸੰਗਠਿਤ ਵਾਤਾਵਰਣ ਪ੍ਰਣਾਲੀ ਦੀ ਨੀਂਹ ਰੱਖ ਰਹੀਆਂ ਹਨ, ਜਿੱਥੇ ਉਤਪਾਦਨ, ਕੀਟ ਨਿਗਰਾਨੀ ਅਤੇ ਬਾਜ਼ਾਰ ਤੱਕ ਪਹੁੰਚ ਤੇਜ਼ੀ ਨਾਲ ਆਪਸ ਵਿੱਚ ਜੁੜੀਆਂ ਹੋਈਆਂ ਹਨ।

ਇਸੇ ਕਰਕੇ ਫ਼ਸਲ ਸੁਰੱਖਿਆ ਨੂੰ ਸੁਧਾਰਾਂ ਦੇ ਅਗਲੇ ਪੜਾਅ ਦਾ ਇੱਕ ਕੇਂਦਰੀ ਹਿੱਸਾ ਬਣਾਉਣਾ ਚਾਹੀਦਾ ਹੈ। ਰਿਕਾਰਡ ਪੱਧਰ 'ਤੇ ਉਤਪਾਦਨ ਅਤੇ ਬਰਾਮਦ ਕਰਨ ਵਾਲੇ ਦੇਸ਼ ਨੂੰ ਫ਼ਸਲਾਂ ਦੀ ਸੁਰੱਖਿਆ ਅਤੇ ਵਿਸ਼ਵ ਬਾਜ਼ਾਰਾਂ ਵਿੱਚ ਆਪਣੀ ਮੁਕਾਬਲੇਬਾਜ਼ੀ ਬਣਾਈ ਰੱਖਣ ਲਈ ਇੱਕ ਆਧੁਨਿਕ ਪ੍ਰਣਾਲੀ ਦੀ ਲੋੜ ਹੈ। ਫ਼ਸਲ ਸੁਰੱਖਿਆ ਉਤਪਾਦਿਕਤਾ, ਕਿਸਾਨਾਂ ਦੀ ਆਮਦਨ, ਖ਼ੁਰਾਕ ਸੁਰੱਖਿਆ ਅਤੇ ਬਰਾਮਦ ਦੀ ਤਿਆਰੀ ਦੇ ਆਪਸੀ ਸੰਬੰਧਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਕੀੜਿਆਂ ਦਾ ਪ੍ਰਕੋਪ ਪੈਦਾਵਾਰ ਨੂੰ ਘੱਟ ਕਰ ਸਕਦਾ ਹੈ। ਗਲਤ ਉਤਪਾਦ ਜਾਂ ਅਣਉਚਿਤ ਵਰਤੋਂ ਨਾਲ ਬਚੇ ਹੋਏ ਅੰਸ਼ਾਂ ਦੇ ਪਾਲਣ ਵਿੱਚ ਰੁਕਾਵਟ ਆ ਸਕਦੀ ਹੈ। ਮਿਲਾਵਟੀ ਸਮੱਗਰੀ ਕਿਸਾਨ ਦੀ ਫ਼ਸਲ ਨੂੰ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਮੁੱਲ ਲੜੀ ਵਿੱਚ ਵਿਸ਼ਵਾਸ ਨੂੰ ਕਮਜ਼ੋਰ ਕਰ ਸਕਦੀ ਹੈ।

ਇਹ ਦਬਾਅ ਲਗਾਤਾਰ ਵਧ ਰਹੇ ਹਨ। ਜਲਵਾਯੂ ਪਰਿਵਰਤਨਸ਼ੀਲਤਾ ਕੀੜਿਆਂ ਦੇ ਵਿਵਹਾਰ ਅਤੇ ਉਨਾਂ ਦੇ ਪ੍ਰਕੋਪ ਦੇ ਸਮੇਂ ਨੂੰ ਬਦਲ ਰਹੀ ਹੈ। 'ਸਾਇੰਸ' ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਦੇ ਅਨੁਸਾਰ ਕਣਕ, ਚੌਲਾਂ ਅਤੇ ਮੱਕੀ ਦੀਆਂ ਫ਼ਸਲਾਂ ਵਿੱਚ ਕੀੜਿਆਂ ਤੋਂ ਹੋਣ ਵਾਲੀ ਉਪਜ ਹਾਨੀ ਪ੍ਰਤੀ ਡਿਗਰੀ ਸੈਲਸ਼ੀਅਸ ਤਾਪਮਾਨ ਵਾਧੇ ਨਾਲ 10.25 ਫ਼ੀਸਦੀ ਤੱਕ ਵੱਧ ਸਕਦੀ ਹੈ। ਸੰਸਦ ਦੇ ਸਾਹਮਣੇ ਪੇਸ਼ ਕੀਤੇ ਗਏ ਅਧਿਕਾਰਤ ਅਨੁਮਾਨਾਂ ਦੇ ਅਨੁਸਾਰ ਫ਼ਸਲ ਅਤੇ ਮੌਸਮ ਦੇ ਆਧਾਰ 'ਤੇ ਭਾਰਤ ਵਿੱਚ ਸਾਲਾਨਾ ਫ਼ਸਲ ਹਾਨੀ ਦਾ ਲਗਭਗ 10.35 ਫ਼ੀਸਦੀ ਹਿੱਸਾ ਕੀੜਿਆਂ, ਬੀਮਾਰੀਆਂ ਅਤੇ ਨਦੀਨਾਂ ਕਾਰਨ ਹੁੰਦਾ ਹੈ। ਇਸ ਤੋਂ ਇਲਾਵਾ, 'ਕ੍ਰੋਪਲਾਇਫ ਇੰਡੀਆ' ਅਤੇ 'ਯੈਸ ਬੈਂਕ' ਦੀ ਇੱਕ ਰਿਪੋਰਟ ਦੇ ਅਨੁਸਾਰ ਕੀੜਿਆਂ ਕਾਰਨ ਪ੍ਰਤੀ ਸਾਲ ਲਗਭਗ 2 ਲੱਖ ਕਰੋੜ ਰੁਪਏ ਦੀ ਫ਼ਸਲ ਦਾ ਨੁਕਸਾਨ ਹੁੰਦਾ ਹੈ।

ਕੀੜਿਆਂ ਕਾਰਨ ਬਾਜ਼ਾਰ ਤੱਕ ਪਹੁੰਚ ਵਿੱਚ ਵੀ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਯੂਰਪੀਅਨ ਯੂਨੀਅਨ ਦੀ ਟੈਕਸ ਪ੍ਰਣਾਲੀ, ਅਮਰੀਕਾ ਦੀ ਆਯਾਤ ਅਸਵੀਕ੍ਰਿਤੀ ਪ੍ਰਣਾਲੀ ਅਤੇ ਈ. ਡੀ. ਏ. ਦੀ ਬਰਾਮਦ ਸਲਾਹ ਤੋਂ ਪਤਾ ਲੱਗਦਾ ਹੈ ਕਿ ਉੱਚ ਮੁੱਲ ਵਾਲੇ ਬਾਜ਼ਾਰਾਂ ਵਿੱਚ ਅੰਸ਼ ਪਾਲਣ ਇੱਕ ਲਗਾਤਾਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਲਿਬਨਾਨ ਨੂੰ ਚੌਲਾਂ ਦੀ ਬਰਾਮਦ 'ਤੇ ਈ. ਡੀ. ਏ. ਦੀ ਸਲਾਹ ਤੋਂ ਸਪੱਸ਼ਟ ਹੁੰਦਾ ਹੈ ਕਿ ਕਿਵੇਂ ਇੱਕ ਬਾਜ਼ਾਰ ਵਿੱਚ ਅੰਸ਼ ਸਬੰਧੀ ਚਿੰਤਾਵਾਂ ਹੋਰ ਬਾਜ਼ਾਰਾਂ ਦੀਆਂ ਲੋੜਾਂ ਨੂੰ ਤੇਜ਼ੀ ਨਾਲ ਪ੍ਰਭਾਵਿਤ ਕਰ ਸਕਦੀਆਂ ਹਨ। ਆਸਾਮ ਦੀ ਚਾਹ ਵੀ ਇਸੇ ਤਰ੍ਹਾਂ ਦੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ। ਰਿਪੋਰਟਾਂ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਯੂਰਪੀਅਨ ਵੱਲੋਂ ਅੰਸ਼ਾਂ 'ਤੇ ਲਾਈਆਂ ਗਈਆਂ ਸਖ਼ਤ ਪਾਬੰਦੀਆਂ ਯੂਰਪ ਅਤੇ ਬ੍ਰਿਟੇਨ ਨੂੰ ਬਰਾਮਦ ਹੋਣ ਵਾਲੀ ਲਗਭਗ 4 ਕਰੋੜ ਕਿਲੋਗ੍ਰਾਮ ਉੱਚ ਗੁਣਵੱਤਾ ਵਾਲੀ ਆਸਾਮ ਚਾਹ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਭਾਰਤ ਦੀ ਪ੍ਰਤੀਕਿਰਿਆ ਉਤਪਾਦਨ ਪੱਧਰ ਤੋਂ ਹੀ ਸ਼ੁਰੂ ਹੋਣੀ ਚਾਹੀਦੀ ਹੈ। ਪਾਲਣ ਉਦੋਂ ਹੀ ਸੰਭਵ ਹੈ ਜਦੋਂ ਕਿਸਾਨਾਂ ਨੂੰ ਪਤਾ ਹੋਵੇ ਕਿ ਕਿਹੜਾ ਉਤਪਾਦ ਕਿਸ ਫ਼ਸਲ ਲਈ ਪ੍ਰਵਾਨਿਤ ਹੈ, ਇਸ ਨੂੰ ਕਿਵੇਂ ਵਰਤਣਾ ਚਾਹੀਦਾ ਹੈ, ਕਦੋਂ ਵਰਤਣਾ ਚਾਹੀਦਾ ਹੈ ਅਤੇ ਫ਼ਸਲ ਦੀ ਕਟਾਈ ਤੋਂ ਪਹਿਲਾਂ ਕਿੰਨਾ ਸਮਾਂ ਲੱਗਣਾ ਚਾਹੀਦਾ ਹੈ।

ਸੰਗਠਿਤ ਕੀਟ ਪ੍ਰਬੰਧਨ ਨੂੰ ਵਿਹਾਰ ਵਿੱਚ ਵਧੇਰੇ ਮਹੱਤਵਪੂਰਨ ਬਣਾਉਣਾ ਹੋਵੇਗਾ। ਨਿਗਰਾਨੀ, ਸਹੀ ਗੱਲ, ਆਰਥਿਕ ਹੱਦਾਂ, ਪ੍ਰਤੀਰੋਧੀ ਕਿਸਮਾਂ, ਖੇਤ ਦੀ ਸਫ਼ਾਈ ਅਤੇ ਫ਼ਸਲ ਸੁਰੱਖਿਆ ਉਤਪਾਦਾਂ ਦੀ ਜ਼ਿੰਮੇਵਾਰੀ ਵਰਤੋਂ, ਇਨ੍ਹਾਂ ਸਾਰਿਆਂ ਦੀ ਇਸ ਵਿੱਚ ਭੂਮਿਕਾ ਹੈ। ਬਿਹਤਰ ਕੀਟ ਪ੍ਰਬੰਧਨ ਅੰਤ ਵਿੱਚ ਸਹੀ ਵਰਤੋਂ ਤੇ ਆਧਾਰਿਤ ਹੈ, ਨਾ ਕਿ ਵਧੇਰੇ ਵਰਤੋਂ 'ਤੇ।

ਫ਼ਸਲ ਸੁਰੱਖਿਆ ਤਕਨਾਲੋਜੀਆਂ ਦੇ ਵਿਆਪਕ ਸਮੂਹ ਤੱਕ ਪਹੁੰਚ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਅਤੇ ਕੀੜਿਆਂ ਦੇ ਦਬਾਅ ਲਈ ਸਭ ਤੋਂ ਪ੍ਰਭਾਵਸ਼ਾਲੀ ਹੱਲ ਚੁਣਨ ਵਿੱਚ ਸਮਰੱਥ ਬਣਾਉਂਦੀ ਹੈ। ਯੂਰਪੀਅਨ ਯੂਨੀਅਨ, ਅਮਰੀਕਾ ਅਤੇ ਚੀਨ ਸਮੇਤ ਮੁੱਖ ਖੇਤੀ ਪ੍ਰਧਾਨ ਅਰਥਵਿਵਸਥਾਵਾਂ ਨਵਾਚਾਰ ਨੂੰ ਉਤਸ਼ਾਹਿਤ ਕਰਨ ਲਈ ਸਮਾਂਬੱਧ ਰੈਗੂਲੇਟਰੀ ਡਾਟਾ ਸੁਰੱਖਿਆ ਮੁਹੱਈਆ ਕਰਦੀਆਂ ਹਨ। ਭਾਰਤ ਦੀ ਨਵੇਂ ਅਣੂਆਂ ਲਈ ਇੱਕ ਸੁਯੋਜਿਤ ਡਾਟਾ (ਢਾਂਚਾ) ਤਿਆਰ ਕਰ ਸਕਦਾ ਹੈ, ਜੋ ਸੁਤੰਤਰ ਡਾਟਾ ਨਿਰਮਾਣ ਅਤੇ ਇਸ ਲਈ ਜੈਨੇਰਿਕ ਦਵਾਈਆਂ ਦੇ ਬਾਜ਼ਾਰ ਵਿੱਚ ਆਉਣ ਦੇ ਮਾਧਿਅਮ ਨਾਲ ਮੁਕਾਬਲੇਬਾਜ਼ੀ ਨੂੰ ਬਣਾਈ ਰੱਖਦੇ ਹੋਏ ਉੱਨਤ ਤਕਨਾਲੋਜੀਆਂ ਤੱਕ ਛੇਤੀ ਪਹੁੰਚ ਨੂੰ ਉਤਸ਼ਾਹਿਤ ਕਰੇ।

ਅਜਿਹਾ ਮਾਡਲ ਅੱਜ ਕਿਸਾਨਾਂ ਨੂੰ ਲਾਭ ਪਹੁੰਚਾਏਗਾ ਅਤੇ ਸਮੇਂ ਦੇ ਨਾਲ ਘਰੇਲੂ ਨਿਰਮਾਣ ਅਤੇ ਬਰਾਮਦ ਦੇ ਮੌਕਿਆਂ ਦਾ ਵਿਸਤਾਰ ਕਰੇਗਾ। ਖੇਤੀ ਸੁਧਾਰਾਂ ਦੇ ਜਸ਼ਨ ਨੂੰ ਖੇਤੀ ਸੁਧਾਰਾਂ ਦੀ ਪਰਿਣਤੀ ਦੇ ਰੂਪ ਵਿੱਚ ਨਹੀਂ, ਸਗੋਂ ਅਗਲੇ ਪੜਾਅ ਦੇ ਆਗਮਨ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ। ਭਾਰਤ ਨੇ ਆਪਣੇ ਉਤਪਾਦਨ ਆਧਾਰ ਨੂੰ ਮਜ਼ਬੂਤ ਕੀਤਾ ਹੈ, ਬਰਾਮਦ-ਮੁੱਖੀ ਪ੍ਰਣਾਲੀਆਂ ਵਿਕਸਿਤ ਕੀਤੀਆਂ ਹਨ ਅਤੇ ਡਿਜੀਟਲ ਖੇਤੀ ਨੂੰ ਅਪਣਾਇਆ ਹੈ। ਫ਼ਸਲ ਸੁਰੱਖਿਆ ਨਿਯਮਾਂ ਨੂੰ ਹੁਣ ਇਸ ਪਰਿਵਰਤਨ ਨਾਲ ਤਾਲਮੇਲ ਬਿਠਾਉਣਾ ਹੋਵੇਗਾ।

- ਅੰਕੁਰ ਅਗਰਵਾਲ

ਕੁਦਰਤੀ ਸੋਮਿਆਂ ਨੂੰ ਬਚਾਉਂਦੇ ਹੋਏ ਫ਼ਸਲੀ ਵਿਭਿੰਨਤਾ ਨੂੰ ਅਪਨਾਉਣ ਵਾਲਾ

ਮਾਝੇ ਦਾ ਸੂਝਵਾਨ ਕਿਸਾਨ – ਦਿਲਬਾਗ ਸਿੰਘ ਚੀਮਾ (ਲਾਲੀ ਚੀਮਾ)

ਡਾ. ਹਰਪਾਲ ਸਿੰਘ ਰੰਧਾਵਾ, ਡਾਇਰੈਕਟਰ ਅਤੇ ਡਾ. ਸਤਵਿੰਦਰਜੀਤ ਕੌਰ, ਪ੍ਰੋਫੈਸਰ (ਭੂਮੀ ਵਿਗਿਆਨ),
ਪੀ. ਏ. ਯੂ. ਰਿਜਨਲ ਸਟੇਸ਼ਨ, ਗੁਰਦਾਸਪੁਰ

ਫ਼ਸਲੀ ਵਿਭਿੰਨਤਾ ਪੰਜਾਬ ਦੀ ਖੇਤੀਬਾੜੀ, ਖਾਸ ਕਰਕੇ ਗੁਰਦਾਸਪੁਰ ਦੇ ਕੰਢੀ ਅਤੇ ਸਰਹੱਦੀ ਖੇਤਰਾਂ ਲਈ ਸਮੇਂ ਦੀ ਮੁੱਖ ਲੋੜ ਬਣ ਗਈ ਹੈ। ਪਿਛਲੇ ਕਈ ਦਹਾਕਿਆਂ ਤੋਂ ਸਾਡੇ ਖੇਤਾਂ ਵਿੱਚ ਕਣਕ-ਝੋਨੇ ਦਾ ਫ਼ਸਲੀ ਚੱਕਰ ਚੱਲ ਰਿਹਾ ਹੈ। ਇਸ ਨਾਲ ਭਾਵੇਂ ਦੇਸ਼ ਨੂੰ ਅਨਾਜ ਦੀ ਸੁਰੱਖਿਆ ਮਿਲੀ, ਪਰ ਧਰਤੀ ਹੇਠਲੇ ਪਾਣੀ ਦਾ ਤੇਜ਼ੀ ਨਾਲ ਘੱਟਣਾ, ਜ਼ਮੀਨ ਵਿਚਲੇ ਖੁਰਾਕੀ ਤੱਤਾਂ ਦਾ ਸੰਤੁਲਨ ਵਿਗੜਨਾ, ਖੇਤੀ ਖਰਚਿਆਂ ਦਾ ਵੱਧਣਾ ਅਤੇ ਕਿਸਾਨਾਂ ਦੀ ਆਮਦਨ ਵਿੱਚ ਖੜੋਤ ਵਰਗੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ।

ਫ਼ਸਲੀ ਵਿਭਿੰਨਤਾ ਦਾ ਅਰਥ ਹੈ ਕਿਸਾਨਾਂ ਵੱਲੋਂ ਰਵਾਇਤੀ ਫ਼ਸਲਾਂ ਦੀ ਥਾਂ ਵੱਖ-ਵੱਖ ਕਿਸਮਾਂ ਦੀਆਂ ਫ਼ਸਲਾਂ ਉਗਾਉਣਾ। ਬਾਗਬਾਨੀ ਫ਼ਸਲਾਂ ਜਿਵੇਂ ਫ਼ਲ, ਸਬਜ਼ੀਆਂ, ਫੁੱਲ ਅਤੇ ਮਸਾਲੇ ਵਾਲੀਆਂ ਫ਼ਸਲਾਂ ਖੇਤੀ ਵਿਭਿੰਨਤਾ ਦਾ ਮਹੱਤਵਪੂਰਨ ਹਿੱਸਾ ਹਨ। ਇਨ੍ਹਾਂ ਫ਼ਸਲਾਂ ਨੂੰ ਖੇਤੀ ਵਿੱਚ ਸ਼ਾਮਲ ਕਰਨ ਨਾਲ ਕਿਸਾਨਾਂ ਦੀ ਆਮਦਨ ਵੱਧ ਸਕਦੀ ਹੈ ਅਤੇ ਪਾਣੀ ਤੇ ਮਿੱਟੀ ਦੇ ਸਰੋਤਾਂ ਦੀ ਬਿਹਤਰ ਵਰਤੋਂ ਹੁੰਦੀ ਹੈ। ਪੰਜਾਬ ਵਿੱਚ ਬਾਗਬਾਨੀ ਫ਼ਸਲਾਂ, ਖੇਤੀ ਵਿਭਿੰਨਤਾ ਨੂੰ ਵਧਰੇ ਲਾਭਦਾਇਕ ਅਤੇ ਟਿਕਾਊ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ। ਕਿਉਂਕਿ ਸਬਜ਼ੀਆਂ, ਫ਼ਲਾਂ ਅਤੇ ਫੁੱਲਾਂ ਵਰਗੀਆਂ ਉੱਚ-ਮੁੱਲ ਵਾਲੀਆਂ ਬਾਗਬਾਨੀ ਫ਼ਸਲਾਂ ਤੋਂ ਇੱਕ ਏਕੜ ਵਿੱਚ ਕਣਕ-ਝੋਨੇ ਨਾਲੋਂ 3 ਤੋਂ 5 ਗੁਣਾ ਵੱਧ ਆਮਦਨ ਹੁੰਦੀ ਹੈ। ਇਸ ਨਾਲ ਪਿੰਡ ਦੇ ਨੌਜਵਾਨਾਂ ਅਤੇ ਔਰਤਾਂ ਨੂੰ ਬਿਜਾਈ, ਵਾਢੀ/ਤੁੜਾਈ, ਛਾਂਟੀ ਅਤੇ ਪ੍ਰੋਸੈਸਿੰਗ ਵਿੱਚ ਸਾਲ ਭਰ ਰੁਜ਼ਗਾਰ ਮਿਲਦਾ ਹੈ। ਸਰਕਾਰੀ ਸਕੀਮਾਂ ਜਿਵੇਂ PMKSY ਅਤੇ MIDH ਰਾਹੀਂ ਸਬਸਿਡੀ ਅਤੇ ਗੁਰਦਾਸਪੁਰ, ਪਠਾਨਕੋਟ ਤੇ ਜੰਮੂ ਮੰਡੀਆਂ ਵਿੱਚ ਵੱਧ ਰਹੀ ਮੰਗ ਕਾਰਨ ਫ਼ਸਲੀ ਵਿਭਿੰਨਤਾ ਆਰਥਿਕ ਅਤੇ ਵਾਤਾਵਰਣ ਪੱਖੋਂ ਵੀ ਲਾਭਦਾਇਕ ਸਾਬਤ ਹੋ ਰਹੀ ਹੈ। ਪੀ.ਏ.ਯੂ. ਰਿਜਨਲ ਸਟੇਸ਼ਨ, ਗੁਰਦਾਸਪੁਰ ਵਰਗੀਆਂ ਸੰਸਥਾਵਾਂ ਕਿਸਾਨਾਂ ਨੂੰ ਤਕਨੀਕੀ ਸਲਾਹ, ਵਧੀਆ ਬੀਜ ਅਤੇ ਸਿਖਲਾਈ ਦੇ ਕੇ ਇਸਨੂੰ ਸਰਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ। ਖੇਤੀ ਵਿਭਿੰਨਤਾ ਨੂੰ ਅਪਨਾ ਕੇ ਕੁਦਰਤੀ ਸੋਮਿਆਂ ਦੀ ਸੰਜਮ ਨਾਲ ਵਰਤੋਂ ਕਰਨ ਵਾਲਾ ਗੁਰਦਾਸਪੁਰ ਜ਼ਿਲ੍ਹੇ ਦਾ ਪ੍ਰਗਤੀਸ਼ੀਲ ਕਿਸਾਨ ਸ. ਦਿਲਬਾਗ ਸਿੰਘ ਚੀਮਾ ਸਪੁੱਤਰ ਸ. ਅਮਰਿੰਦਰ ਸਿੰਘ ਚੀਮਾ ਪਿੰਡ ਬਰਿਆਰ ਤਹਿਸੀਲ ਦੀਨਾਨਗਰ ਦਾ ਵਸਨੀਕ ਹੈ। ਸ੍ਰੀ ਚੀਮਾ ਜੀ ਨੇ ਪਰੰਪਰਾਗਤ ਕਣਕ-ਝੋਨੇ ਦਾ ਫ਼ਸਲੀ ਚੱਕਰ ਛੱਡ ਕੇ ਬਾਗਬਾਨੀ ਫ਼ਸਲਾਂ ਦੀ ਕਾਸ਼ਤ ਵੱਲ ਰੁੱਖ ਕੀਤਾ ਅਤੇ ਅੱਜ ਉਹ ਪੰਜਾਬ ਦੇ ਮੋਹਰੀ ਲੀਚੀ ਕਾਸ਼ਤਕਾਰਾਂ ਵਿੱਚੋਂ ਅਹਿਮ ਬਾਗਬਾਨ ਗਿਣੇ ਜਾਂਦੇ ਹਨ। ਉਨ੍ਹਾਂ ਦੇ ''ਰਣਜੀਤ ਬਾਗ'' ਅਧੀਨ ਰਕਬੇ ਨੂੰ ਲਾਲੀ ਗਾਰਡਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਸਫਲਤਾ ਦੀ ਸ਼ੁਰੂਆਤ : ਸਾਲ 1988 ਦੇ ਆਸ-ਪਾਸ, ਜਦੋਂ ਪੰਜਾਬ ਦੇ ਕਿਸਾਨ ਰਵਾਇਤੀ ਝੋਨਾ-ਕਣਕ ਪ੍ਰਣਾਲੀ ਅਤੇ ਝੋਨੇ ਦੀ ਕਾਸ਼ਤ ਵਿੱਚ ਵੱਧ ਰਹੇ ਖਰਚਿਆਂ ਅਤੇ ਘੱਟ ਮੁਨਾਫ਼ੇ ਤੋਂ ਚਿੰਤਤ ਸਨ, ਉਸ ਸਮੇਂ ਲਾਲੀ ਚੀਮਾ ਨੇ ਖੇਤੀ ਵਿੱਚ ਵਿਭਿੰਨਤਾ ਲਿਆਉਣ ਦਾ ਨਵਾਂ ਰਾਹ ਚੁਣਿਆ। ਉਨ੍ਹਾਂ ਨੇ ਲਗਭਗ 10 ਏਕੜ ਜ਼ਮੀਨ ਵਿੱਚ ਲੀਚੀ ਦਾ ਬਾਗ ਲਗਾਉਣ ਦਾ ਫੈਸਲਾ ਕੀਤਾ। ਇਸ ਮੰਤਵ ਲਈ ਉਨ੍ਹਾਂ ਨੇ ਪੀ.ਏ.ਯੂ. ਰਿਜਨਲ ਸਟੇਸ਼ਨ ਗੁਰਦਾਸਪੁਰ, ਨਾਲ ਸੰਬੰਧਿਤ ਖੇਤੀਬਾੜੀ ਮਾਹਿਰਾਂ ਦੀ ਸਲਾਹ ਲੈ ਕੇ ਉੱਤਮ ਕਿਸਮਾਂ ਦੇ ਲੀਚੀ ਦੇ ਪੌਦੇ ਪ੍ਰਾਪਤ ਕੀਤੇ। ਲੀਚੀ ਦੀ ਕਾਸ਼ਤ ਨੂੰ ਸਫਲ ਬਣਾਉਣ ਲਈ ਉਨ੍ਹਾਂ ਨੇ ਰਵਾਇਤੀ ਤਰੀਕਿਆਂ ਦੀ ਬਜਾਏ ਵਿਗਿਆਨਕ ਅਤੇ ਆਧੁਨਿਕ ਤਕਨੀਕਾਂ ਨੂੰ ਅਪਣਾਇਆ। ਬਾਗ ਦੀ ਸਹੀ ਵਿਉਂਤਬੰਦੀ, ਪੌਦਿਆਂ ਦੀ ਉਚਿਤ ਦੂਰੀ, ਸਿੰਚਾਈ, ਖਾਦਾਂ ਦੀ ਸੰਤੁਲਿਤ ਵਰਤੋਂ, ਕੀੜੇ-ਮਕੌੜਿਆਂ ਦੀ ਰੋਕਥਾਮ ਅਤੇ ਸਮੇਂ ਸਿਰ ਛੰਗਾਈ ਵਰਗੀਆਂ ਗਤੀਵਿਧੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ। ਇਸ ਨਾਲ ਲੀਚੀ ਦੇ ਪੌਦਿਆਂ ਦਾ ਚੰਗਾ ਵਿਕਾਸ ਹੋਇਆ ਅਤੇ ਸਮੇਂ ਦੇ ਨਾਲ ਬਾਗ ਵਪਾਰਕ ਪੱਧਰ 'ਤੇ ਉਤਪਾਦਨ ਦੇਣ ਲੱਗਾ। ਲਾਲੀ ਚੀਮਾ ਦੀ ਇਹ ਪਹਿਲ ਸਿਰਫ਼ ਇੱਕ ਕਿਸਾਨ ਦੀ ਨਿੱਜੀ ਸਫਲਤਾ ਨਹੀਂ ਸੀ, ਸਗੋਂ ਫ਼ਸਲੀ ਵਿਭਿੰਨਤਾ ਦੀ ਇੱਕ ਪ੍ਰੇਰਣਾਦਾਇਕ ਉਦਾਹਰਣ ਵੀ ਬਣੀ। ਲੀਚੀ ਵਰਗੀ ਬਾਗਬਾਨੀ ਫ਼ਸਲ ਨੂੰ ਅਪਣਾਉਣ ਨਾਲ ਉਨ੍ਹਾਂ ਨੇ ਝੋਨੇ ਉੱਤੇ ਨਿਰਭਰਤਾ ਘਟਾਈ ਅਤੇ ਆਪਣੀ ਜ਼ਮੀਨ ਤੋਂ ਵਧੇਰੇ ਆਮਦਨ ਪ੍ਰਾਪਤ ਕਰਨ ਦਾ ਰਾਹ ਬਣਾਇਆ। ਉਨ੍ਹਾਂ ਦੀ ਸਫਲਤਾ ਨੇ ਹੋਰ ਕਿਸਾਨਾਂ ਨੂੰ ਵੀ ਰਵਾਇਤੀ ਫ਼ਸਲਾਂ ਦੇ ਨਾਲ ਫ਼ਲਦਾਰ ਬੂਟਿਆਂ ਅਤੇ ਹੋਰ ਬਾਗਬਾਨੀ ਫ਼ਸਲਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ।

ਮੁੱਖ ਪ੍ਰਾਪਤੀਆਂ

ਉੱਚ ਪੈਦਾਵਾਰ ਅਤੇ ਵਧੀਆ ਭਾਅ : ਲਾਲੀ ਚੀਮਾ ਦੇ ''ਰਣਜੀਤ ਬਾਗ'' ਵਿੱਚ ਲੀਚੀ ਦੀਆਂ ਮੁੱਖ ਕਿਸਮਾਂ 'ਕਲਕਤੀਆਂ', 'ਦੇਹਰਾਦੂਨ' ਅਤੇ ਸੀਡਲੈਸ ਲੇਟ ਦੀ ਕਾਸ਼ਤ ਕੀਤੀ ਜਾਂਦੀ ਹੈ। ਇਨ੍ਹਾਂ ਕਿਸਮਾਂ ਦੇ ਫ਼ਲ ਆਕਾਰ ਵਿੱਚ ਵੱਡੇ, ਰੰਗ ਵਿੱਚ ਆਕਰਸ਼ਕ, ਰਸਦਾਰ ਅਤੇ ਮਿੱਠੇ ਹੁੰਦੇ ਹਨ। ਵਧੀਆ ਗੁਣਵੱਤਾ ਵਾਲੇ ਫ਼ਲ ਹੋਣ ਕਾਰਨ ਇਨ੍ਹਾਂ ਦੀ ਮੰਡੀ ਵਿੱਚ ਚੰਗੀ ਮੰਗ ਰਹਿੰਦੀ ਹੈ ਅਤੇ ਆਮ ਲੀਚੀ ਦੇ ਮੁਕਾਬਲੇ ਵਧੀਆ ਭਾਅ ਮਿਲ ਜਾਂਦਾ ਹੈ। ਇਸ ਤਰ੍ਹਾਂ ਉੱਤਮ ਕਿਸਮਾਂ ਦੀ ਚੋਣ ਨੇ ਉਨ੍ਹਾਂ ਦੀ ਬਾਗਬਾਨੀ ਨੂੰ ਵਪਾਰਕ ਤੌਰ 'ਤੇ ਵਧੇਰੇ ਲਾਭਦਾਇਕ ਬਣਾਇਆ।

ਆਮਦਨ ਵਿੱਚ ਮਹੱਤਵਪੂਰਨ ਵਾਧਾ : ਲੀਚੀ ਦੀ ਕਾਸ਼ਤ ਨੇ ਲਾਲੀ ਚੀਮਾ ਲਈ ਰਵਾਇਤੀ ਝੋਨਾ-ਕਣਕ ਦੇ ਫ਼ਸਲੀ ਚੱਕਰ ਦਾ ਇੱਕ ਲਾਭਦਾਇਕ ਬਦਲ ਪੇਸ਼ ਕੀਤਾ। ਉਨ੍ਹਾਂ ਦੇ ਅਨੁਸਾਰ, ਲੀਚੀ ਦੇ ਬਾਗ ਤੋਂ ਪ੍ਰਾਪਤ ਮੁਨਾਫਾ ਰਵਾਇਤੀ ਫ਼ਸਲਾਂ ਦੇ ਮੁਕਾਬਲੇ ਕਈ ਗੁਣਾ ਵੱਧ ਹੈ। ਚੰਗੀ ਪੈਦਾਵਾਰ, ਉੱਚ ਗੁਣਵੱਤਾ ਅਤੇ ਮੰਡੀ ਵਿੱਚ ਵਧੀਆ ਕੀਮਤ ਮਿਲਣ ਕਾਰਨ ਉਨ੍ਹਾਂ ਦੀ ਸਾਲਾਨਾ ਆਮਦਨ ਲਗਭਗ 15-20 ਲੱਖ ਰੁਪਏ ਤੱਕ ਪਹੁੰਚ ਗਈ। ਇਸ ਨਾਲ ਇਹ ਸਾਬਤ ਹੁੰਦਾ ਹੈ ਕਿ ਲੰਬੇ ਸਮੇਂ ਦੀ ਯੋਜਨਾਬੰਦੀ ਨਾਲ ਫ਼ਲਦਾਰ ਬਾਗ ਕਿਸਾਨਾਂ ਲਈ ਆਮਦਨ ਦਾ ਮਜ਼ਬੂਤ ਸਰੋਤ ਬਣ ਸਕਦੇ ਹਨ।

ਆਧੁਨਿਕ ਖੇਤੀ ਤਕਨੀਕਾਂ ਦੀ ਵਰਤੋਂ : ਲਾਲੀ ਚੀਮਾ ਨੇ ਲੀਚੀ ਦੇ ਬਾਗ ਵਿੱਚ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਕੇ ਪਾਣੀ, ਖਾਦ ਅਤੇ ਮਜ਼ਦੂਰੀ ਦੀ ਸੁਚੱਜੀ ਵਰਤੋਂ ਕੀਤੀ। ਡ੍ਰਿਪ ਸਿੰਚਾਈ ਰਾਹੀਂ ਪੌਦਿਆਂ ਦੀਆਂ ਜੜ੍ਹਾਂ ਤੱਕ ਲੋੜ ਅਨੁਸਾਰ ਪਾਣੀ ਪਹੁੰਚਾਇਆ ਜਾਂਦਾ ਹੈ। ਮਿੱਟੀ ਵਿੱਚ ਨਮੀ ਕਾਇਮ ਰੱਖਣ ਅਤੇ ਘਾਹ-ਫੂਸ ਨੂੰ ਘਟਾਉਣ ਲਈ ਮਲਚਿੰਗ ਅਪਣਾਈ ਜਾਂਦੀ ਹੈ। ਇਸ ਤੋਂ ਇਲਾਵਾ, ਸਮੇਂ ਸਿਰ ਛਾਂਟੀ (Pruning) ਕਰਨ ਨਾਲ ਪੌਦਿਆਂ ਦਾ ਆਕਾਰ ਸੰਤੁਲਿਤ ਰਹਿੰਦਾ ਹੈ, ਧੁੱਪ ਅਤੇ ਹਵਾ ਦਾ ਸੰਚਾਰ ਵੱਧਦਾ ਹੈ ਅਤੇ ਫ਼ਲਾਂ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ। ਕੀੜਿਆਂ ਅਤੇ ਬਿਮਾਰੀਆਂ ਦੀ ਸਮੇਂ ਸਿਰ ਨਿਗਰਾਨੀ ਅਤੇ ਨਿਯੰਤਰਣ ਨਾਲ ਫ਼ਸਲ ਦੇ ਨੁਕਸਾਨ ਨੂੰ ਵੀ ਘਟਾਇਆ ਜਾਂਦਾ ਹੈ।

ਕਿਸਾਨਾਂ ਲਈ ਪ੍ਰੇਰਣਾਦਾਇਕ ਮਾਡਲ : ਲਾਲੀ ਚੀਮਾ ਦਾ ਲੀਚੀ ਬਾਗ ਇਲਾਕੇ ਦੇ ਹੋਰ ਕਿਸਾਨਾਂ ਲਈ ਇੱਕ ਸਫਲ ਫ਼ਸਲੀ ਵਿਭਿੰਨਤਾ ਮਾਡਲ ਬਣਿਆ। ਉਨ੍ਹਾਂ ਦੀ ਸਫਲਤਾ ਨੂੰ ਦੇਖ ਕੇ ਗੁਰਦਾਸਪੁਰ, ਪਠਾਨਕੋਟ ਅਤੇ ਹੁਸ਼ਿਆਰਪੁਰ ਖੇਤਰ ਦੇ ਕਈ ਕਿਸਾਨਾਂ ਨੇ ਵੀ ਰਵਾਇਤੀ ਫ਼ਸਲਾਂ ਦੇ ਨਾਲ ਲੀਚੀ ਅਤੇ ਹੋਰ ਬਾਗਬਾਨੀ ਫ਼ਸਲਾਂ ਵੱਲ ਰੁਝਾਨ ਦਿਖਾਇਆ। ਇਸ ਨਾਲ ਇਲਾਕੇ ਵਿੱਚ ਬਾਗਬਾਨੀ ਨੂੰ ਇੱਕ ਬਦਲਵੀਂ ਅਤੇ ਵਧੇਰੇ ਆਮਦਨ ਵਾਲੀ ਖੇਤੀ ਪ੍ਰਣਾਲੀ ਵਜੋਂ ਉਤਸ਼ਾਹ ਮਿਲਿਆ।

ਗਿਆਨ ਅਤੇ ਤਜਰਬੇ ਦੀ ਸਾਂਝ : ਲਾਲੀ ਚੀਮਾ ਦੀ ਇੱਕ ਹੋਰ ਮਹੱਤਵਪੂਰਨ ਪ੍ਰਾਪਤੀ ਇਹ ਹੈ ਕਿ ਉਹ ਆਪਣੇ ਖੇਤੀਬਾੜੀ ਤਜਰਬੇ ਨੂੰ ਹੋਰ ਕਿਸਾਨਾਂ ਨਾਲ ਸਾਂਝਾ ਕਰਦੇ ਹਨ। ਬਾਗ ਦੀ ਸਥਾਪਨਾ, ਪੌਦਿਆਂ ਦੀ ਸੰਭਾਲ, ਸਿੰਚਾਈ, ਛਾਂਟੀ, ਕੀਟ ਨਿਯੰਤਰਣ ਅਤੇ ਫ਼ਲਾਂ ਦੀ ਤੁੜਾਈ ਵਰਗੇ ਵਿਸ਼ਿਆਂ ਬਾਰੇ ਕਿਸਾਨਾਂ ਨੂੰ ਵਿਹਾਰਕ ਜਾਣਕਾਰੀ ਦੇਣਾ ਹੋਰ ਕਿਸਾਨਾਂ ਨੂੰ ਬਾਗਬਾਨੀ ਅਪਣਾਉਣ ਵਿੱਚ ਮਦਦ ਕਰਦਾ ਹੈ। ਸ. ਦਿਲਬਾਗ ਸਿੰਘ ਚੀਮਾ ਜ਼ਿਲ੍ਹੇ ਦੇ ਪ੍ਰਗਤੀਸ਼ੀਲ ਕਿਸਾਨਾਂ ਦੇ ਸੰਗਠਨ- ''ਯੰਗ ਇੰਨੋਵੇਟਿਵ ਫਾਰਮਰਜ ਗਰੁੱਪ ਗੁਰਦਾਸਪੁਰ'' ਦਾ ਸਰਗਰਮ ਮੈਂਬਰ ਹੈ ਜੋ ਕਿ ਵਾਤਾਵਰਨ ਪੱਖੀ, ਪਾਣੀ ਸੰਭਾਲ, ਪ੍ਰਦੂਸ਼ਣ ਮੁਕਤ ਖੇਤੀ ਤਕਨੀਕਾਂ ਦਾ ਪਸਾਰ ਕਰਦੇ ਹਨ। ਇਨ੍ਹਾਂ ਗਤੀਵਿਧੀਆਂ ਨਾਲ ਆਪਣੀ ਪਛਾਣ ਨੂੰ ਹੋਰ ਮਜਬੂਤ ਬਣਾਉਂਦੇ ਹੋਏ ਸ੍ਰੀ ਚੀਮਾ ਜੀ ਨੇ ਕਈ ਸਰਕਾਰੀ ਕਿਸਾਨ ਜਾਗਰੂਕਤਾ ਪ੍ਰੋਗਰਾਮਾਂ ਵਿੱਚ ਸਨਮਾਨ ਵੀ ਹਾਸਲ ਕੀਤੇ ਹਨ।

ਸਰਕਾਰੀ ਮਾਨਤਾ : ''ਲਾਲੀ ਗਾਰਡਨ'' ਨੇ ਬਾਗਬਾਨੀ ਦੇ ਖੇਤਰ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ। ਪੰਜਾਬ ਦੇ ਬਾਗਬਾਨੀ ਵਿਭਾਗ ਵੱਲੋਂ ਇਸ ਬਾਗ ਨੂੰ ਮਾਡਲ/ਪ੍ਰਦਰਸ਼ਨੀ ਬਾਗ ਵਜੋਂ ਮਾਨਤਾ ਮਿਲਣਾ ਇਸ ਦੀ ਸਫਲਤਾ ਅਤੇ ਵਿਗਿਆਨਕ ਪ੍ਰਬੰਧਨ ਦਾ ਮਹੱਤਵਪੂਰਨ ਪ੍ਰਮਾਣ ਹੈ। ਇਸ ਬਾਗ ਨੂੰ ਹੋਰ ਕਿਸਾਨਾਂ ਲਈ ਇੱਕ ਵਿਹਾਰਕ ਸਿੱਖਿਆ ਕੇਂਦਰ ਵਜੋਂ ਵੀ ਵਰਤਿਆ ਜਾਂਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ, ਖੇਤੀਬਾੜੀ ਕਿਸਾਨ ਭਲਾਈ ਅਤੇ ਬਾਗਬਾਨੀ ਵਿਭਾਗ ਨਾਲ ਜੁੜੇ ਮਾਹਿਰ ਅਤੇ ਵਿਗਿਆਨੀ ਕਿਸਾਨਾਂ ਨੂੰ ਬਾਗਬਾਨੀ ਦੀਆਂ ਆਧੁਨਿਕ ਤਕਨੀਕਾਂ ਨਾਲ ਜਾਣੂ ਕਰਵਾਉਣ ਲਈ ਇੱਥੇ ਦੌਰੇ ਕਰਵਾਉਂਦੇ ਹਨ।

ਇਨ੍ਹਾਂ ਦੌਰਿਆਂ ਦੌਰਾਨ ਕਿਸਾਨਾਂ ਨੂੰ ਲੀਚੀ ਦੀਆਂ ਉੱਤਮ ਕਿਸਮਾਂ ਦੀ ਚੋਣ, ਬਾਗ ਦੀ ਸਥਾਪਨਾ, ਸਿੰਚਾਈ ਪ੍ਰਬੰਧਨ, ਮਲਚਿੰਗ, ਸਮੇਂ ਸਿਰ ਕਾਂਟ-ਛਾਂਟ, ਖਾਦਾਂ ਦੀ ਵਰਤੋਂ, ਕੀਟ ਅਤੇ ਰੋਗ ਪ੍ਰਬੰਧਨ ਅਤੇ ਫਲਾਂ ਦੀ ਤੁੜਾਈ ਤੇ ਮੰਡੀਕਰਨ ਬਾਰੇ ਪ੍ਰੈਕਟੀਕਲ ਜਾਣਕਾਰੀ ਮਿਲਦੀ ਹੈ। ਇਸ ਤਰ੍ਹਾਂ ''ਲਾਲੀ ਗਾਰਡਨ'' ਸਿਰਫ ਇੱਕ ਵਪਾਰਕ ਬਾਗ ਨਹੀਂ, ਸਗੋਂ ਹੋਰ ਕਿਸਾਨਾਂ ਨੂੰ ਫ਼ਸਲੀ ਵਿਭਿੰਨਤਾ ਅਤੇ ਬਾਗਬਾਨੀ ਅਪਣਾਉਣ ਲਈ ਪ੍ਰੇਰਿਤ ਕਰਨ ਵਾਲਾ ਇੱਕ ਮਾਡਲ ਕੇਂਦਰ ਬਣ ਜਾਂਦਾ ਹੈ।

ਦਿਲਬਾਗ ਸਿੰਘ ਚੀਮਾ ਜੀ ਦਾ ਸੰਦੇਸ਼ : ਲਾਲੀ ਚੀਮਾ ਜੀ ਦੀ ਸੋਚ ਦਾ ਮੁੱਖ ਕੇਂਦਰ ''ਵੱਧ ਆਮਦਨ, ਘੱਟ ਪਾਣੀ ਅਤੇ ਟਿਕਾਊ ਖੇਤੀ'' ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਬਾਗਬਾਨੀ ਨੂੰ ਸਹੀ ਯੋਜਨਾਬੰਦੀ, ਮਿਹਨਤ ਅਤੇ ਆਧੁਨਿਕ ਖੇਤੀ ਤਕਨੀਕਾਂ ਨਾਲ ਕੀਤਾ ਜਾਵੇ ਤਾਂ ਇਹ ਰਵਾਇਤੀ ਝੋਨਾ-ਕਣਕ ਦੇ ਫ਼ਸਲੀ ਚੱਕਰ ਨਾਲੋਂ ਵਧੇਰੇ ਲਾਭਦਾਇਕ ਹੋ ਸਕਦੀ ਹੈ। ਖਾਸ ਕਰਕੇ ਪਾਣੀ ਦੀ ਘਾਟ ਦੇ ਮੱਦੇਨਜ਼ਰ, ਉਹ ਕਿਸਾਨਾਂ ਨੂੰ ਪਾਣੀ ਦੀ ਸੁਚੱਜੀ ਵਰਤੋਂ ਕਰਨ ਅਤੇ ਸਿੰਚਾਈ ਦੀਆਂ ਆਧੁਨਿਕ ਪ੍ਰਣਾਲੀਆਂ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ। ਲਾਲੀ ਚੀਮਾ ਨੌਜਵਾਨ ਕਿਸਾਨਾਂ ਨੂੰ ਇਹ ਸੰਦੇਸ਼ ਦਿੰਦੇ ਹਨ ਕਿ ਸਿਰਫ਼ ਰਵਾਇਤੀ ਫ਼ਸਲੀ ਚੱਕਰ ਤੱਕ ਸੀਮਿਤ ਰਹਿਣ ਦੀ ਬਜਾਏ ਨਵੀਆਂ ਅਤੇ ਉੱਚ-ਮੁੱਲ ਵਾਲੀਆਂ ਫ਼ਸਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਲੀਚੀ ਵਰਗੀਆਂ ਬਾਗਬਾਨੀ ਫ਼ਸਲਾਂ ਨੂੰ ਅਪਣਾ ਕੇ ਕਿਸਾਨ ਆਪਣੀ ਆਮਦਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਧਰਤੀ ਹੇਠਲੇ ਪਾਣੀ ਦੀ ਸੰਭਾਲ ਅਤੇ ਵਾਤਾਵਰਨ ਦੀ ਸੁਰੱਖਿਆ ਵਿੱਚ ਵੀ ਯੋਗਦਾਨ ਪਾ ਸਕਦੇ ਹਨ।

ਅੰਤ ਵਿੱਚ, ਦਿਲਬਾਗ ਸਿੰਘ ਚੀਮਾ ਜੀ ਦੀ ਕਹਾਣੀ ਇਹ ਸਪੱਸ਼ਟ ਕਰਦੀ ਹੈ ਕਿ ਖੇਤੀ ਵਿੱਚ ਸਫਲਤਾ ਲਈ ਸਿਰਫ਼ ਜ਼ਮੀਨ ਅਤੇ ਮਿਹਨਤ ਹੀ ਨਹੀਂ, ਸਗੋਂ ਨਵੀਂ ਸੋਚ, ਜੋਖਮ ਲੈਣ ਦੀ ਹਿੰਮਤ, ਵਿਗਿਆਨਕ ਗਿਆਨ, ਤਕਨੀਕੀ ਸਮਝ ਅਤੇ ਮੰਡੀ ਦੀ ਲੋੜ ਅਨੁਸਾਰ ਫੈਸਲੇ ਵੀ ਜ਼ਰੂਰੀ ਹਨ। ''ਲਾਲੀ ਗਾਰਡਨ'' ਅੱਜ ਗੁਰਦਾਸਪੁਰ ਵਿੱਚ ਬਾਗਬਾਨੀ ਅਤੇ ਫ਼ਸਲੀ ਵਿਭਿੰਨਤਾ ਦੀ ਇੱਕ ਪ੍ਰੇਰਣਾਦਾਇਕ ਮਿਸਾਲ ਵਜੋਂ ਦੇਖਿਆ ਜਾ ਸਕਦਾ ਹੈ, ਜੋ ਪੰਜਾਬ ਦੇ ਹੋਰ ਕਿਸਾਨਾਂ, ਖਾਸ ਕਰਕੇ ਨੌਜਵਾਨਾਂ ਲਈ ਰਵਾਇਤੀ ਫ਼ਸਲੀ ਚੱਕਰ ਤੋਂ ਅੱਗੇ ਵਧ ਕੇ ਤਕਨੀਕੀ ਅਤੇ ਫ਼ਸਲੀ ਵਿਭਿੰਨਤਾ ਨੂੰ ਅਪਣਾਉਣਾ ਹੀ ਭਵਿੱਖ ਦੀ ਟਿਕਾਊ ਅਤੇ ਲਾਭਦਾਇਕ ਖੇਤੀ ਦਾ ਰਾਹ ਹੈ।

ਸਿੱਟੇ ਵਜੋਂ, ਲਾਲੀ ਚੀਮਾ ਦੀ ਸਫਲਤਾ ਇਹ ਦਰਸਾਉਂਦੀ ਹੈ ਕਿ ਸਹੀ ਕਿਸਮ ਦੀ ਚੋਣ, ਆਧੁਨਿਕ ਤਕਨੀਕਾਂ ਦੀ ਵਰਤੋਂ, ਵਿਗਿਆਨਕ ਪ੍ਰਬੰਧਨ ਅਤੇ ਮੰਡੀ ਦੀ ਮੰਗ ਅਨੁਸਾਰ ਉਤਪਾਦਨ ਰਾਹੀਂ ਲੀਚੀ ਦੀ ਬਾਗਬਾਨੀ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦਾ ਪ੍ਰਭਾਵਸ਼ਾਲੀ ਸਾਧਨ ਬਣ ਸਕਦੀ ਹੈ।

------ ਬਾਕੀ ਸਫਾ 3 ਦੀ ------

ਝੋਨੇ ਵਿੱਚ ਬੂਟੇ ਦੇ ਟਿੱਡਿਆਂ ਦੀ ਸਰਵਪੱਖੀ ਰੋਕਥਾਮ

ਮੂੰਹ ਦੇ ਅੰਗ ਰੱਖਦੇ ਹਨ । ਇਨ੍ਹਾਂ ਦੇ ਨਿੰਫ ਅਤੇ ਬਾਲਗ ਟਿੱਡੇ ਆਪਣੀ ਸੁੰਡ ਰਾਹੀਂ ਪੌਦਿਆਂ ਦੀਆਂ ਨਾੜੀਆਂ ਵਿੱਚੋਂ ਰਸ ਚੂਸਦੇ ਹਨ । ਜਦੋਂ ਟਿੱਡਿਆਂ ਦੀ ਗਿਣਤੀ ਵੱਧ ਜਾਂਦੀ ਹੈ ਤਾਂ ਇਹ ਪੌਦਿਆਂ

ਦਾ ਬਹੁਤ ਜ਼ਿਆਦਾ ਰਸ ਚੂਸ ਲੈਂਦੇ ਹਨ । ਇਸ ਕਾਰਨ ਪੌਦੇ ਪਹਿਲਾਂ ਪੀਲੇ ਪੈ ਜਾਂਦੇ ਹਨ ਅਤੇ ਫਿਰ ਮੁਰਝਾਉਣ ਲੱਗਦੇ ਹਨ । ਸਭ ਤੋਂ ਪਹਿਲਾਂ ਬਾਹਰਲੇ ਪੱਤੇ ਸੁੱਕਦੇ ਹਨ ਅਤੇ ਹੌਲੀ-ਹੌਲੀ ਸਾਰਾ ਪੌਦਾ ਸੁੱਕ ਜਾਂਦਾ ਹੈ । ਸ਼ੁਰੂ ਵਿੱਚ ਨੁਕਸਾਨ ਛੋਟੇ-ਛੋਟੇ ਗੋਲ ਪੀਲੇ ਧੱਬਿਆਂ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ । ਪ੍ਰਭਾਵਿਤ ਪੌਦੇ ਸੁੱਕਣ ਨਾਲ ਇਹ ਧੱਬੇ ਭੂਰੇ ਹੋ ਜਾਂਦੇ ਹਨ । ਸਮੇਂ ਦੇ ਨਾਲ ਇਹ ਧੱਬੇ ਗੋਲ ਘੇਰਿਆਂ ਦੇ ਰੂਪ ਵਿੱਚ ਬਾਹਰ ਵੱਲ ਫੈਲਦੇ ਜਾਂਦੇ ਹਨ, ਜਿਸ ਨਾਲ ਖੇਤ ਸੜਿਆ ਹੋਇਆ ਦਿਖਾਈ ਦਿੰਦਾ ਹੈ । ਇਸ ਲੱਛਣ ਨੂੰ 'ਟਿੱਡੇ ਦਾ ਸਾੜ' ਜਾਂ 'ਹਾਪਰ ਬਰਨ' ਕਿਹਾ ਜਾਂਦਾ ਹੈ । ਚਿੱਟੀ ਪਿੱਠ ਵਾਲੇ ਟਿੱਡੇ ਆਮ ਤੌਰ 'ਤੇ ਝੋਨੇ ਵਿੱਚ ਅਚਾਨਕ ਜਾਂ ਬਹੁਤ ਗੰਭੀਰ ਹਾਪਰ ਬਰਨ ਨਹੀਂ ਕਰਦੇ । ਪਰ ਅਨੁਕੂਲ ਮੌਸਮ ਵਿੱਚ ਟਿੱਡਿਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵੱਧ ਸਕਦੀ ਹੈ । ਇਹ ਟਿੱਡੇ ਲੰਬੀ ਦੂਰੀ ਤੱਕ ਉੱਡ ਕੇ ਫੈਲ ਸਕਦੇ ਹਨ, ਜਿਸ ਕਾਰਨ ਥੋੜ੍ਹੇ ਸਮੇਂ ਵਿੱਚ ਹੀ ਵੱਡੇ ਖੇਤਰ ਦੀ ਫ਼ਸਲ ਨੂੰ ਭਾਰੀ ਨੁਕਸਾਨ ਪਹੁੰਚ ਸਕਦਾ ਹੈ ।

ਵਾਇਰਸ ਰੋਗ ਨਾਲ ਸੰਬੰਧ

ਚਿੱਟੀ ਪਿੱਠ ਵਾਲੇ ਟਿੱਡੇ ਸਾਊਦਰਨ ਰਾਈਸ ਬਲੈਕ-ਸਟ੍ਰੀਕਡ ਡਵਾਰਫ ਵਾਇਰਸ ਨੂੰ ਫੈਲਾਉਣ ਵਾਲੇ ਮੁੱਖ ਕੀੜੇ ਹਨ । ਇਹ ਟਿੱਡੇ ਇੱਕ ਵਾਇਰਸ ਪ੍ਰਾਪਤ ਕਰਨ ਤੋਂ ਬਾਅਦ ਆਪਣੀ ਪੂਰੀ ਉਮਰ ਦੌਰਾਨ ਇਸ ਨੂੰ ਦੂਜੇ ਪੌਦਿਆਂ ਤੱਕ ਫੈਲਾ ਸਕਦੇ ਹਨ । ਇਸ ਕਰਕੇ ਇਹ ਰੋਗ ਦੇ ਸ਼ੁਰੂਆਤੀ ਅਤੇ ਬਾਅਦ ਦੇ ਫੈਲਾਅ ਦੋਵਾਂ ਲਈ ਜ਼ਿੰਮੇਵਾਰ ਹੁੰਦੇ ਹਨ । ਵਾਇਰਸ ਨਾਲ ਪ੍ਰਭਾਵਿਤ ਝੋਨੇ ਦੇ ਪੌਦੇ ਬੌਣੇ ਰਹਿ ਜਾਂਦੇ ਹਨ । ਅਜਿਹੇ ਪੌਦਿਆਂ ਦੀ ਉਚਾਈ ਸਿਹਤਮੰਦ ਪੌਦਿਆਂ ਨਾਲੋਂ ਕੇਵਲ ਇੱਕ-ਤਿਹਾਈ ਤੋਂ ਦੋ-ਤਿਹਾਈ ਤੱਕ ਰਹਿ ਜਾਂਦੀ ਹੈ । ਪੱਤੇ ਤੰਗ ਅਤੇ ਨੁਕੀਲੇ ਹੋ ਜਾਂਦੇ ਹਨ । ਜੜ੍ਹਾਂ ਦਾ ਵਿਕਾਸ ਕਮਜ਼ੋਰ ਰਹਿੰਦਾ ਹੈ । ਬਹੁਤ ਜ਼ਿਆਦਾ ਫੁੱਟਵੇਂ (ਟਿੱਲਰ) ਨਿਕਲਦੇ ਹਨ, ਪਰ ਉਨ੍ਹਾਂ ਵਿੱਚੋਂ ਜ਼ਿਆਦਾਤਰ ਸਿੱਟੇ ਨਹੀਂ ਲਗਾਉਂਦੇ । ਫ਼ਸਲ ਦੇ ਵਾਧੇ ਅਤੇ ਪੈਦਾਵਾਰ ਵਿੱਚ ਕਾਫ਼ੀ ਕਮੀ ਆ ਜਾਂਦੀ ਹੈ । ਇਸ ਲਈ ਭੂਰੇ ਟਿੱਡਿਆਂ ਅਤੇ ਚਿੱਟੀ ਪਿੱਠ ਵਾਲੇ ਟਿੱਡਿਆਂ ਦੀ ਸਮੇਂ ਸਿਰ ਰੋਕਥਾਮ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਫ਼ਸਲ ਨੂੰ ਸਿੱਧੇ ਨੁਕਸਾਨ ਅਤੇ ਵਾਇਰਸ ਰੋਗਾਂ ਤੋਂ ਬਚਾਇਆ ਜਾ ਸਕੇ ।

ਫ਼ਸਲ ਦੀ ਅਵਸਥਾ ਅਤੇ ਟਿੱਡਿਆਂ ਦਾ ਹਮਲਾ

ਚਿੱਟੀ ਪਿੱਠ ਵਾਲੇ ਟਿੱਡੇ ਆਮ ਤੌਰ 'ਤੇ ਝੋਨੇ ਦੀ ਪਨੀਰੀ ਅਤੇ ਖੇਤ ਵਿੱਚ ਲਵਾਈ ਤੋਂ ਬਾਅਦ ਦਿਖਾਈ ਦੇਣ ਲੱਗਦੇ ਹਨ । ਚਿੱਟੀ ਪਿੱਠ ਵਾਲੇ ਟਿੱਡਿਆਂ ਦੇ ਨਿੰਫ ਅਤੇ ਬਾਲਗ ਕੀੜੇ ਫ਼ਸਲ ਦੇ ਸ਼ੁਰੂਆਤੀ ਪੜਾਅ ਵਿੱਚ ਹੀ ਵਧਣ ਲੱਗਦੇ ਹਨ । ਦੂਜੇ ਪਾਸੇ, ਭੂਰੇ ਟਿੱਡੇ ਫ਼ਸਲ ਦੇ ਪਿਛਲੇ ਪੜਾਵਾਂ ਦੌਰਾਨ ਤੇਜ਼ੀ ਨਾਲ ਵਧਦੇ ਹਨ । ਟਿੱਡਿਆਂ ਦੀ ਗਿਣਤੀ ਵਧਣ ਦੇ ਮੁੱਖ ਕਾਰਨਾਂ ਵਿੱਚ ਸੀਜ਼ਨ ਦੀ ਸ਼ੁਰੂਆਤ ਵਿੱਚ ਰੁਕ-ਰੁਕ ਕੇ ਪੈਣ ਵਾਲਾ ਮੀਂਹ ਅਤੇ ਫ਼ਸਲ ਦੇ ਸ਼ੁਰੂਆਤੀ ਵਾਧੇ ਸਮੇਂ ਬਿਨਾਂ ਲੋੜ ਤੋਂ ਵੱਧ ਵਿਆਪਕ ਅਸਰ ਵਾਲੀਆਂ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਸ਼ਾਮਲ ਹੈ । ਅਜਿਹੀਆਂ ਦਵਾਈਆਂ ਟਿੱਡਿਆਂ ਦੇ ਕੁਦਰਤੀ ਦੁਸ਼ਮਣਾਂ ਨੂੰ ਵੀ ਨਸ਼ਟ ਕਰ ਦਿੰਦੀਆਂ ਹਨ, ਜੋ ਆਮ ਤੌਰ 'ਤੇ ਟਿੱਡਿਆਂ ਦੀ ਗਿਣਤੀ ਨੂੰ ਕਾਬੂ ਵਿੱਚ ਰੱਖਦੇ ਹਨ ।

ਜਦੋਂ ਕੁਦਰਤੀ ਦੁਸ਼ਮਣ ਘੱਟ ਹੋ ਜਾਂਦੇ ਹਨ, ਤਾਂ ਟਿੱਡਿਆਂ ਦੀ ਦੂਜੀ ਪੀੜ੍ਹੀ ਬਹੁਤ ਵੱਡੀ ਗਿਣਤੀ ਵਿੱਚ ਪੈਦਾ ਹੋ ਜਾਂਦੀ ਹੈ । ਇਸ ਵਿੱਚ ਨਿੰਫ ਅਤੇ ਬਾਲਗ ਦੋਵੇਂ ਸ਼ਾਮਲ ਹੁੰਦੇ ਹਨ । ਇਹ ਕੀੜੇ ਝੋਨੇ ਦੇ ਪੌਦਿਆਂ ਦੇ ਨੀਵੇਂ ਹਿੱਸੇ ਤੋਂ ਬਹੁਤ ਜ਼ਿਆਦਾ ਰਸ ਚੂਸਦੇ ਹਨ, ਜਿਸ ਕਾਰਨ ਖੇਤ ਵਿੱਚ ਪੀਲੇ ਧੱਬੇ ਦਿਖਾਈ ਦੇਣ ਲੱਗਦੇ ਹਨ । ਕਈ ਵਾਰ ਕਿਸਾਨ ਇਨ੍ਹਾਂ ਪੀਲੇ ਧੱਬਿਆਂ ਨੂੰ ਨਾਈਟ੍ਰੋਜਨ ਦੀ ਘਾਟ ਲੈਂਦੇ ਹਨ ਅਤੇ ਵਾਧੂ ਨਾਈਟ੍ਰੋਜਨ ਖਾਦ ਪਾ ਦਿੰਦੇ ਹਨ । ਪਰ ਜ਼ਿਆਦਾ ਨਾਈਟ੍ਰੋਜਨ ਟਿੱਡਿਆਂ ਦੀ ਗਿਣਤੀ ਨੂੰ ਹੋਰ ਵਧਾਉਂਦੀ ਹੈ, ਜਿਸ ਨਾਲ ਹਮਲਾ ਅਤੇ ਨੁਕਸਾਨ ਹੋਰ ਗੰਭੀਰ ਹੋ ਜਾਂਦਾ ਹੈ । ਜਦੋਂ ਪ੍ਰਭਾਵਿਤ ਪੌਦਿਆਂ ਵਿੱਚ ਖੁਰਾਕ ਘੱਟ ਪੈ ਜਾਂਦੀ ਹੈ, ਤਾਂ ਟਿੱਡੇ ਨੇੜਲੇ ਸਿਹਤਮੰਦ ਪੌਦਿਆਂ ਵੱਲ ਚਲੇ ਜਾਂਦੇ ਹਨ । ਇਸ ਕਾਰਨ ਥੋੜ੍ਹੇ ਸਮੇਂ ਵਿੱਚ ਹੀ ਸਾਰੇ ਖੇਤ ਵਿੱਚ ਟਿੱਡਿਆਂ ਦਾ ਹਮਲਾ ਫੈਲ ਸਕਦਾ ਹੈ ।

ਸਰਵਪੱਖੀ ਰੋਕਥਾਮ

★ **ਖੇਤ ਦੀ ਤਿਆਰੀ ਅਤੇ ਸਫ਼ਾਈ** : ਖੇਤ ਦੀ ਚੰਗੀ ਤਰ੍ਹਾਂ ਤਿਆਰੀ ਕਰਨੀ ਚਾਹੀਦੀ ਹੈ । ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਮਿੱਟੀ ਵਿੱਚ ਮਿਲਾ ਦੇਣਾ ਚਾਹੀਦਾ ਹੈ ਤਾਂ ਜੋ ਕੀੜਿਆਂ ਅਤੇ ਵਾਇਰਸ ਦੇ ਫੈਲਾਅ ਨੂੰ ਘਟਾਇਆ ਜਾ ਸਕੇ । ਲੇਜ਼ਰ ਲੈਂਡ ਲੈਵਲਰ ਨਾਲ ਖੇਤ ਪੱਧਰਾ ਕਰਨ ਨਾਲ ਪਾਣੀ ਅਤੇ ਖਾਦ ਦੀ ਇੱਕੋ ਜਿਹੀ ਵੰਡ ਹੁੰਦੀ ਹੈ ਅਤੇ ਖੇਤ ਵਿੱਚ ਵਾਧੂ ਪਾਣੀ ਇਕੱਠਾ ਨਹੀਂ ਹੁੰਦਾ । ਪਾਣੀ ਦੀਆਂ ਨਾਲੀਆਂ, ਵੱਟਾਂ ਅਤੇ ਖੇਤ ਦੇ ਆਲੇ-ਦੁਆਲੇ ਥਾਵਾਂ ਨੂੰ ਨਦੀਨਾਂ ਅਤੇ ਘਾਹ-ਫੂਸ ਤੋਂ ਸਾਫ਼ ਰੱਖੋ । ਇਸ ਨਾਲ ਚਿੱਟੀ ਪਿੱਠ ਵਾਲੇ ਟਿੱਡਿਆਂ ਦੀ ਸ਼ੁਰੂਆਤੀ ਗਿਣਤੀ ਘੱਟ ਰਹਿੰਦੀ ਹੈ ਅਤੇ ਵਾਇਰਸ ਦੇ ਫੈਲਾਅ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ ।

★ **ਨਿਗਰਾਨੀ** : ਪਨੀਰੀ ਅਤੇ ਫ਼ਸਲ ਦੇ ਸ਼ੁਰੂਆਤੀ ਵਾਧੇ ਸਮੇਂ ਟਿੱਡਿਆਂ ਦੀ ਨਿਗਰਾਨੀ ਕਰਨਾ ਬਹੁਤ ਜ਼ਰੂਰੀ ਹੈ । ਇਸ ਲਈ ਪਨੀਰੀ ਜਾਂ ਖੇਤ ਦੇ ਨੇੜੇ ਬਲਬ ਜਾਂ ਲਾਈਟ ਟਰੈਪ ਲਗਾਓ । ਜੇਕਰ ਲਾਈਟ ਟਰੈਪ ਵਿੱਚ ਚਿੱਟੀ ਪਿੱਠ ਵਾਲੇ ਟਿੱਡੇ ਮਿਲਣ, ਤਾਂ ਸਿਫ਼ਾਰਸ਼ ਕੀਤੀ ਕੀਟਨਾਸ਼ਕ ਦਵਾਈ ਦਾ ਛਿੜਕਾਅ ਕਰਕੇ ਵਾਇਰਸ ਅਤੇ ਕੀੜੇ ਦੇ ਫੈਲਾਅ ਨੂੰ ਰੋਕੋ ।

★ **ਬੌਣੇ ਪੌਦਿਆਂ ਨੂੰ ਨਸ਼ਟ ਕਰਨਾ** : ਜੇਕਰ ਪਨੀਰੀ ਜਾਂ ਖੇਤ ਵਿੱਚ ਬੌਣੇ ਅਤੇ ਰੋਗੀ ਪੌਦੇ ਨਜ਼ਰ ਆਉਣ, ਤਾਂ ਉਨ੍ਹਾਂ ਨੂੰ ਤੁਰੰਤ ਪੁੱਟ ਕੇ ਖੇਤ ਤੋਂ ਹਟਾ ਦਿਓ ਅਤੇ ਮਿੱਟੀ ਵਿੱਚ ਡੂੰਘਾ ਦੱਬ ਦਿਓ । ਇਸ ਨਾਲ ਵਾਇਰਸ ਦੇ ਫੈਲਾਅ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ ।

★ **ਖਾਦਾਂ ਦੀ ਸਹੀ ਵਰਤੋਂ** : ਨਾਈਟ੍ਰੋਜਨ ਵਾਲੀਆਂ ਖਾਦਾਂ ਸਿਰਫ਼ ਸਿਫ਼ਾਰਸ਼ ਕੀਤੀ ਮਾਤਰਾ ਵਿੱਚ ਹੀ ਪਾਓ । ਖਾਦ ਦੀ ਮਾਤਰਾ ਮਿੱਟੀ ਦੀ ਜਾਂਚ ਜਾਂ ਪੀ.ਏ.ਯੂ. ਦੇ ਲੀਫ ਕਲਰ ਚਾਰਟ ਦੀ ਮਦਦ ਨਾਲ ਨਿਰਧਾਰਤ ਕਰੋ । ਵੱਧ ਨਾਈਟ੍ਰੋਜਨ ਪਾਉਣ ਨਾਲ ਪੌਦੇ ਬਹੁਤ ਨਰਮ ਅਤੇ ਹਰੇ-ਭਰੇ ਹੋ ਜਾਂਦੇ ਹਨ, ਜਿਸ ਕਾਰਨ ਟਿੱਡਿਆਂ ਨੂੰ ਵੱਸਣ, ਖੁਰਾਕ ਲੈਣ ਅਤੇ ਤੇਜ਼ੀ ਨਾਲ ਵਧਣ ਲਈ ਅਨੁਕੂਲ ਹਾਲਾਤ ਮਿਲ ਜਾਂਦੇ ਹਨ । ਬਾਸਮਤੀ ਝੋਨੇ ਵਿੱਚ ਹਰੀ ਖਾਦ ਤੋਂ ਬਾਅਦ ਨਾਈਟ੍ਰੋਜਨ ਖਾਦ ਪਾਉਣ ਤੋਂ ਪਰਹੇਜ਼ ਕਰੋ ।

★ **ਪਾਣੀ ਦਾ ਸਹੀ ਪ੍ਰਬੰਧ** : ਪਾਣੀ ਦਾ ਸਹੀ ਪ੍ਰਬੰਧ ਟਿੱਡਿਆਂ ਦੀ ਗਿਣਤੀ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ । ਖੇਤ ਵਿੱਚ ਵਾਰੀ-ਵਾਰੀ ਪਾਣੀ ਲਗਾਉਣ ਅਤੇ ਸੁੱਕਣ ਦੀ ਵਿਧੀ ਅਪਣਾਓ । ਜੇਕਰ ਟਿੱਡਿਆਂ ਦਾ ਹਮਲਾ ਹੋ ਜਾਵੇ ਤਾਂ ਖੇਤ ਵਿੱਚੋਂ 3-4 ਦਿਨ ਲਈ ਵਾਧੂ ਪਾਣੀ ਕੱਢ ਦਿਓ । ਧਿਆਨ ਰੱਖੋ ਕਿ ਮਿੱਟੀ ਵਿੱਚ ਤਰੇੜਾਂ ਨਾ ਪੈਣ । ਪਾਣੀ ਕੱਢਣ ਦੀ ਮਿਆਦ ਮਿੱਟੀ ਦੀ ਕਿਸਮ ਅਨੁਸਾਰ ਘੱਟ ਜਾਂ ਵੱਧ ਹੋ ਸਕਦੀ ਹੈ ।

★ **ਕੁਦਰਤੀ ਰੋਕਥਾਮ** : ਜੇਕਰ ਝੋਨੇ ਦੇ ਖੇਤ ਦਾ ਵਾਤਾਵਰਨ ਕੁਦਰਤੀ ਤੌਰ 'ਤੇ ਸੰਤੁਲਿਤ ਰਹੇ, ਤਾਂ ਭੂਰੇ ਟਿੱਡਿਆਂ ਅਤੇ ਚਿੱਟੀ ਪਿੱਠ ਵਾਲੇ ਟਿੱਡਿਆਂ ਦੀ ਗਿਣਤੀ ਆਪਣੇ ਆਪ ਕਾਫ਼ੀ ਹੱਦ ਤੱਕ ਕਾਬੂ ਵਿੱਚ ਰਹਿੰਦੀ ਹੈ । ਕਈ ਲਾਭਕਾਰੀ ਕੀੜੇ ਅਤੇ ਮੱਕੜੀਆਂ ਟਿੱਡਿਆਂ ਨੂੰ ਖਾ ਕੇ ਉਨ੍ਹਾਂ ਦੀ ਗਿਣਤੀ ਘਟਾਉਂਦੇ ਹਨ । ਇਨ੍ਹਾਂ ਵਿੱਚ ਮਿਰਿਡ ਬੱਗ, ਲੇਡੀਬਰਡ ਭੂੰਡ, ਓਫਿਓਨੀਆ ਭੂੰਡ ਅਤੇ ਮੱਕੜੀਆਂ ਸ਼ਾਮਲ ਹਨ । ਇਹ ਕੁਦਰਤੀ ਦੁਸ਼ਮਣ ਟਿੱਡਿਆਂ ਦੀ ਗਿਣਤੀ ਨੂੰ ਕਾਬੂ ਵਿੱਚ ਰੱਖਣ ਵਿੱਚ ਮਦਦ ਕਰਦੇ ਹਨ । ਮੌਸਮ ਅਤੇ ਖੇਤ ਦਾ ਵਾਤਾਵਰਨ ਵੀ ਟਿੱਡਿਆਂ ਦੀ ਗਿਣਤੀ 'ਤੇ ਅਸਰ ਪਾਉਂਦੇ ਹਨ । ਜਦੋਂ ਫ਼ਸਲ ਬਹੁਤ ਸੰਘਣੀ ਹੋਵੇ ਅਤੇ ਪੌਦਿਆਂ ਦੀ ਛੱਤ ਪੂਰੀ ਤਰ੍ਹਾਂ ਬੰਦ ਹੋ ਜਾਵੇ, ਤਾਂ ਖੇਤ ਵਿੱਚ ਨਮੀ ਵੱਧ ਜਾਂਦੀ ਹੈ । ਵੱਧ ਨਮੀ ਵਾਲੇ ਹਾਲਾਤ ਟਿੱਡਿਆਂ ਦੇ ਬਚਾਅ, ਪ੍ਰਜਨਨ ਅਤੇ ਤੇਜ਼ੀ ਨਾਲ ਗਿਣਤੀ ਵਧਣ ਲਈ ਅਨੁਕੂਲ ਹੁੰਦੇ ਹਨ ।

ਰਸਾਇਣਕ ਰੋਕਥਾਮ

★ **ਖੇਤ ਦੀ ਨਿਗਰਾਨੀ** : ਟਿੱਡੇ ਝੋਨੇ ਦੇ ਪੌਦੇ ਦੇ ਨੀਵੇਂ ਹਿੱਸੇ (ਜੜ੍ਹ ਦੇ ਨੇੜੇ) ਵਿੱਚ ਰਹਿ ਕੇ ਰਸ

ਚੂਸਦੇ ਹਨ, ਇਸ ਕਰਕੇ ਸ਼ੁਰੂਆਤੀ ਹਮਲੇ ਨੂੰ ਪਛਾਣਨਾ ਔਖਾ ਹੁੰਦਾ ਹੈ । ਇਸ ਲਈ ਕਈ ਵਾਰ ਨੁਕਸਾਨ ਉਸ ਸਮੇਂ ਪਤਾ ਲੱਗਦਾ ਹੈ ਜਦੋਂ ''ਹਾਪਰ ਬਰਨ'' ਦੇ ਲੱਛਣ ਦਿਖਾਈ ਦੇਣ ਲੱਗਦੇ ਹਨ । ਇਸ ਲਈ ਖੇਤ ਦੀ ਨਿਯਮਤ ਜਾਂਚ ਬਹੁਤ ਜ਼ਰੂਰੀ ਹੈ । ਹਰ ਹਫ਼ਤੇ ਖੇਤ ਦੇ ਵੱਖ-ਵੱਖ ਹਿੱਸਿਆਂ ਤੋਂ ਕੁਝ ਪੌਦੇ ਚੁਣੋ । ਪੌਦਿਆਂ ਨੂੰ ਹੌਲੀ ਜਿਹਾ ਝੁਕਾ ਕੇ ਟਿੱਲਰਾਂ ਦੇ ਨੀਵੇਂ ਹਿੱਸੇ ਨੂੰ 2-3 ਵਾਰ ਠੱਪਾ ਮਾਰੋ । ਜੋ ਨਿੰਫ ਅਤੇ ਬਾਲਗ ਟਿੱਡੇ ਡਿੱਗਣ, ਉਹ ਖੇਤ ਦੇ ਪਾਣੀ ਵਿੱਚ ਦਿਖਾਈ ਦੇਣਗੇ ਅਤੇ ਉਨ੍ਹਾਂ ਦੀ ਗਿਣਤੀ ਕੀਤੀ ਜਾ ਸਕਦੀ ਹੈ ।

★ **ਆਰਥਿਕ ਹੱਦ ਪੱਧਰ** : ਜਦੋਂ ਟਿੱਡਿਆਂ ਦੀ ਗਿਣਤੀ ਪ੍ਰਤੀ ਝੁੰਡ 5 ਜਾਂ ਇਸ ਤੋਂ ਵੱਧ ਹੋ ਜਾਵੇ, ਤਾਂ ਤੁਰੰਤ ਕੰਟਰੋਲ ਉਪਾਅ ਕਰਨੇ ਚਾਹੀਦੇ ਹਨ ।

★ **ਛਿੜਕਾਅ ਦਾ ਸਮਾਂ** : ਸ਼ੁਰੂਆਤੀ ਸਮੇਂ ਵਿੱਚ ਕੀੜਿਆਂ (ਵਰਲ ਮੈਗਟ ਜਾਂ ਪੱਤਾ ਲਪੇਟ ਸੁੰਡੀ) ਲਈ ਬਿਨਾਂ ਲੋੜ ਤੋਂ ਵੱਧ ਕੀਟਨਾਸ਼ਕ, ਖਾਸ ਕਰਕੇ ਸਿੰਥੈਟਿਕ ਪਰਿਥਰਾਇਡ ਜ਼ਹਿਰਾਂ ਦੀ ਵਰਤੋਂ ਨਾ ਕਰੋ । ਇਹ ਦਵਾਈਆਂ ਟਿੱਡਿਆਂ ਦੇ ਕੁਦਰਤੀ ਦੁਸ਼ਮਣਾਂ ਨੂੰ ਨਸ਼ਟ ਕਰ ਦਿੰਦੀਆਂ ਹਨ, ਜਿਸ ਨਾਲ ਟਿੱਡਿਆਂ ਦੀ ਗਿਣਤੀ ਹੋਰ ਵੱਧ ਸਕਦੀ ਹੈ ।

★ **ਛਿੜਕਾਅ ਦੀ ਸਹੀ ਵਿਧੀ** : ਟਿੱਡਿਆਂ ਦੇ ਪ੍ਰਭਾਵਸ਼ਾਲੀ ਕੰਟਰੋਲ ਲਈ ਕੀਟਨਾਸ਼ਕ ਦਾ ਛਿੜਕਾਅ ਟ੍ਰਿਪਲ ਐਕਸ਼ਨ ਨੋਜ਼ਲ ਵਾਲੇ ਨੇਪਸੈਕ ਸਪਰੇਅ ਪੰਪ ਨਾਲ ਬੂਟਿਆਂ ਦੇ ਮੁੱਢਾਂ ਵੱਲ ਕਰਕੇ ਕਰੋ । ਛਿੜਕਾਅ ਬੂਟਿਆਂ ਦੇ ਮੁੱਢਾਂ ਤੇ ਜ਼ਰੂਰ ਪਵੇ, ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ । ਹੌਲੇ ਵਾਲੀਆਂ ਥਾਵਾਂ ਦੇ 3-4 ਮੀਟਰ ਆਲੇ-ਦੁਆਲੇ ਵੀ ਕੀਟਨਾਸ਼ਕਾਂ ਦੀ ਵਰਤੋਂ ਜ਼ਰੂਰ ਕਰੋ ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਵਾਂ ਤੇ ਹੀ ਹੁੰਦੀ ਹੈ । ਸਮੇਂ ਸਿਰ ਪ੍ਰਭਾਵਿਤ ਥਾਵਾਂ ਦੀ ਸਪਾਟ ਟਰੀਟਮੈਂਟ ਕਰਨ ਨਾਲ ਹਮਲੇ ਦੇ ਫੈਲਾਅ ਨੂੰ ਰੋਕਿਆ ਜਾ ਸਕਦਾ ਹੈ ਅਤੇ ਫ਼ਸਲ ਦਾ ਨੁਕਸਾਨ ਘਟਾਇਆ ਜਾ ਸਕਦਾ ਹੈ ।

★ **ਕੀਟਨਾਸ਼ਕ** : ਪੈਕਸਾਲੋਨ 10 ਐੱਸ ਸੀ (ਟਰਾਈਫਲੂਮੀਜ਼ੋਪਾਇਰਮ) 94 ਮਿਲੀਲਿਟਰ ਜਾਂ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) 60 ਗ੍ਰਾਮ ਜਾਂ ਓਸ਼ੀਨ/ਟੋਕਨ/ਡੋਮੀਨੇਂਟ 20 ਐੱਸ ਜੀ (ਡਾਇਨੋਟੈਫੂਰਾਨ) 80 ਗ੍ਰਾਮ ਜਾਂ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) 120 ਗ੍ਰਾਮ ਜਾਂ ਆਰਕੇਸਟਰਾ 10 ਐੱਸ ਸੀ (ਬੈਂਜ਼ਪਾਇਰੀਮੋਕਸਾਨ) 400 ਮਿਲੀਲਿਟਰ ਜਾਂ ਇਮੇਜਿਨ / ਵਿਓਲਾ 10 ਐੱਸ ਸੀ (ਫਲੂਪਾਇਰੀਮਿਨ) 300 ਮਿਲੀਲਿਟਰ ਜਾਂ ਏਕਾਲਕਸ / ਕੁਇਨਗਾਰਡ / ਕੁਇਨਲਮਾਸ 25 ਈ ਸੀ (ਕੁਇਨਲਫਾਸ) 800 ਮਿਲੀਲਿਟਰ ਜਾਂ ਇਕੋਟਿਨ (ਅਜ਼ੈਡੀਰੈਕਟਿਨ 5%) 80 ਮਿਲੀਲਿਟਰ ਜਾਂ ਪੀ ਏ ਯੂ ਨਿੰਮ ਘੋਲ 4 ਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲੀਟਰ ਪਾਣੀ ਵਿੱਚ ਘੋਲ ਕੇ ਛਿੜਕੋ । ਇਕੋਟਿਨ / ਪੀ ਏ ਯੂ ਨਿੰਮ ਦੇ ਘੋਲ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ । ਕੀਟਨਾਸ਼ਕ ਦਵਾਈਆਂ ਦੀ ਵਰਤੋਂ ਅਦਲ-ਬਦਲ ਅਤੇ ਸਿਫਾਰਸ਼ ਕੀਤੀ ਮਾਤਰਾ ਅਨੁਸਾਰ ਹੀ ਕਰੋ । ਕੀੜਿਆਂ ਦੀ ਰੋਕਥਾਮ ਲਈ ਕਿਸਾਨ ਵੀਰ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਨਾ ਕਰਨ, ਕਿ ਦਾਣਿਆਂ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ, ਵਾਤਾਵਰਨ ਨੂੰ ਦੂਸ਼ਿਤ ਕਰਨ ਅਤੇ ਗੰਭੀਰ ਮਨੁੱਖੀ ਸਿਹਤ ਸਮੱਸਿਆ ਦਾ ਕਾਰਨ ਬਣਦੀ ਹੈ ।

ਪਾਣੀ ਦੀ ਅੰਨ੍ਹੀ ਨਿਕਾਸੀ : ਕਾਰਨ ਤੇ ਹੱਲ

ਡਾ. ਕੇਸਰ ਸਿੰਘ ਭੰਗੂ,
ਸਾਬਕਾ ਪ੍ਰੋਫੈਸਰ ਅਤੇ ਡੀਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਮੋ. 98154-27127)

ਪੰਜਾਬ ਜ਼ਮੀਨ ਹੇਠੋਂ ਪਾਣੀ ਕੱਢਣ ਦੀ ਸੁਰੱਖਿਅਤ ਮਾਤਰਾ ਨਾਲੋਂ 156.36% ਵੱਧ ਪਾਣੀ ਕੱਢ ਰਿਹਾ ਹੈ। ਸਭ ਤੋਂ ਵੱਧ ਖਤਰਨਾਕ ਪੱਧਰ ਸੰਗਰੂਰ ਜ਼ਿਲ੍ਹੇ ਦਾ ਹੈ, ਜਿੱਥੇ ਪਾਣੀ ਕੱਢਣ ਦੀ ਸੁਰੱਖਿਅਤ ਮਾਤਰਾ...

ਹੁਣੇ ਖਤਮ ਹੋਏ ਦੇਸ਼ ਦੀ ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਵਿੱਚ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਹੱਦ ਵੱਧ ਨਿਕਾਸੀ/ਵਰਤੋਂ ਕਰਨ ਵਾਲੇ ਅੰਕੜੇ ਪੇਸ਼ ਕੀਤੇ ਗਏ ਸਨ। ਇਨ੍ਹਾਂ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੇਸ਼ ਵਿੱਚ ਦੂਜੇ ਸੂਬਿਆਂ ਦੇ ਮੁਕਾਬਲੇ ਧਰਤੀ ਹੇਠਲੇ ਪਾਣੀ ਦੀ ਹੱਦੋਂ ਵੱਧ ਵਰਤੋਂ/ਨਿਕਾਸੀ ਕਰ ਰਿਹਾ ਹੈ, ਜਿਸ ਕਾਰਨ ਧਰਤੀ ਹੇਠਲਾ ਪਾਣੀ ਘੱਟ ਰਿਹਾ ਹੈ,

ਪਾਣੀ ਡੂੰਘਾ ਹੋ ਰਿਹਾ ਹੈ ਅਤੇ ਵੱਧ ਮਾਤਰਾ ਵਿੱਚ ਪਾਣੀ ਕੱਢਣ ਕਾਰਨ ਸਥਿਤੀ ਖਤਰਨਾਕ ਪੱਧਰ ਤੱਕ ਪਹੁੰਚ ਗਈ ਹੈ, ਜਿਸ ਕਾਰਨ ਸੂਬੇ ਦੀ ਅਜਿਹੀ ਸਥਿਤੀ 'ਤੇ ਚਿੰਤਾ ਪ੍ਰਗਟਾਈ ਗਈ ਹੈ। ਪੰਜਾਬੀ ਧਰਤੀ ਹੇਠਲੇ ਪਾਣੀ ਕੱਢਣ ਦੀ ਸੁਰੱਖਿਅਤ ਮਾਤਰਾ ਨਾਲੋਂ 156.36 ਪ੍ਰਤੀਸ਼ਤ ਜ਼ਿਆਦਾ ਪਾਣੀ ਕੱਢ ਰਿਹਾ ਹੈ।

ਸਭ ਤੋਂ ਵੱਧ ਖਤਰਨਾਕ ਪੱਧਰ ਸੰਗਰੂਰ ਜ਼ਿਲ੍ਹੇ ਦਾ ਹੈ, ਜਿੱਥੇ ਪਾਣੀ ਕੱਢਣ ਦੀ ਸੁਰੱਖਿਅਤ ਮਾਤਰਾ ਨਾਲੋਂ ਪਾਣੀ ਦੀ ਨਿਕਾਸੀ 309.90 ਪ੍ਰਤੀਸ਼ਤ ਵੱਧ ਹੈ ਅਤੇ ਇਹ ਪ੍ਰਤੀਸ਼ਤਤਾ ਮਲੇਰਕੋਟਲਾ ਵਿੱਚ 301.93 ਅਤੇ ਜਲੰਧਰ ਵਿੱਚ 281.17 ਹੈ। ਇਸ ਕਾਰਨ ਸੂਬੇ ਦੇ ਕੁੱਲ 153 ਬਲਾਕਾਂ ਵਿੱਚੋਂ 111 ਵਿੱਚ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਖਤਰਨਾਕ ਪੱਧਰ ਤੱਕ ਪਹੁੰਚ ਗਈ ਹੈ। ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਅਤੇ ਕਿਸਾਨ ਨੂੰ ਅੰਨਦਾਤਾ ਕਿਹਾ ਜਾਂਦਾ ਹੈ। ਇਸ ਉਪਲੱਬਧੀ ਦੇ ਪਿੱਛੇ ਸੂਬੇ ਦੇ ਵਿਕਸਿਤ ਸਿੰਚਾਈ ਸਿਸਟਮ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਪੰਜਾਬ ਵਿੱਚ ਖੇਤੀਬਾੜੀ ਦੀ ਸਫਲਤਾ ਨਹਿਰੀ ਸਿੰਚਾਈ ਅਤੇ ਟਿਊਬਵੈੱਲਾਂ ਨਾਲ ਧਰਤੀ ਹੇਠਲੇ ਪਾਣੀ ਦੀ ਵਰਤੋਂ ਉੱਤੇ ਆਧਾਰਿਤ ਰਹੀ ਹੈ, ਪਰ ਪਿਛਲੇ ਕੁਝ ਦਹਾਕਿਆਂ ਵਿੱਚ ਇਹੀ ਸਿੰਚਾਈ ਸਿਸਟਮ ਵਾਤਾਵਰਨ ਦੀਆਂ ਸਮੱਸਿਆਵਾਂ ਅਤੇ ਖੇਤੀ ਤੇ ਆਰਥਿਕ ਸੰਕਟ ਦਾ ਕਾਰਨ ਵੀ ਬਣਿਆ ਹੈ। ਇਸ ਲਈ ਪੰਜਾਬ ਦੇ ਸਿੰਚਾਈ ਸਿਸਟਮ ਨੂੰ ਉਸੇ ਸੰਬੰਧ ਵਿੱਚ ਵੇਖਿਆ ਜਾਣਾ ਚਾਹੀਦਾ ਹੈ।

ਪੰਜਾਬ ਵਿੱਚ ਸਿੰਚਾਈ ਦਾ ਇਤਿਹਾਸ ਬਹੁਤ ਪੁਰਾਣਾ ਹੈ, ਪਰ ਆਧੁਨਿਕ ਨਹਿਰੀ ਸਿਸਟਮ ਦਾ ਵਿਕਾਸ ਬ੍ਰਿਟਿਸ਼ ਸ਼ਾਸਨ ਦੌਰਾਨ ਹੋਇਆ। ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਉੱਤੇ ਵੱਡੇ ਪੱਧਰ 'ਤੇ ਨਹਿਰਾਂ ਬਣਾਈਆਂ ਗਈਆਂ, ਜਿਨ੍ਹਾਂ ਨਾਲ ਬੰਜਰ ਜ਼ਮੀਨਾਂ ਖੇਤੀਯੋਗ ਬਣ ਗਈਆਂ। ਆਜ਼ਾਦੀ ਤੋਂ ਬਾਅਦ ਭਾਖੜਾ-ਨੰਗਲ ਪ੍ਰੋਜੈਕਟ, ਹਰੀਕੇ ਹੈਡਵਰਕਸ ਅਤੇ ਸਰਹਿੰਦ ਫੀਡਰ ਵਰਗੇ ਪ੍ਰੋਜੈਕਟਾਂ ਨੇ ਪੰਜਾਬ ਦੀ ਖੇਤੀਬਾੜੀ ਨੂੰ ਨਵੀਂ ਦਿਸ਼ਾ ਦਿੱਤੀ। ਸੰਨ 1960 ਦੇ ਦਹਾਕੇ ਵਿੱਚ ਹਰੀ ਕ੍ਰਾਂਤੀ ਦੌਰਾਨ ਸੂਬੇ ਵਿੱਚ ਉੱਚੀ ਉਤਪਾਦਕਤਾ ਅਤੇ ਉਤਪਾਦਨ ਵਾਲੀਆਂ ਫ਼ਸਲਾਂ ਖਾਸ ਕਰਕੇ ਕਣਕ ਅਤੇ ਝੋਨੇ ਦੀਆਂ ਕਿਸਮਾਂ ਨੂੰ ਅਪਣਾਇਆ ਗਿਆ। ਇਨ੍ਹਾਂ ਫ਼ਸਲਾਂ ਲਈ ਵੱਡੀ ਮਾਤਰਾ ਵਿੱਚ ਪਾਣੀ ਦੀ ਲੋੜ ਸੀ। ਇਸ ਕਾਰਨ ਨਹਿਰੀ ਸਿੰਚਾਈ ਦੇ ਨਾਲ-ਨਾਲ ਟਿਊਬਵੈੱਲਾਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਸਰਕਾਰ ਵੱਲੋਂ ਮੁਫ਼ਤ ਜਾਂ ਸਬਸਿਡੀ ਵਾਲੀ ਬਿਜਲੀ ਦੇਣ ਕਾਰਨ ਕਿਸਾਨਾਂ ਨੇ ਧਰਤੀ ਹੇਠਲੇ ਪਾਣੀ ਦੀ ਬੇਰੋਕ-ਟੋਕ ਹੱਦੋਂ ਵੱਧ ਵਰਤੋਂ/ਨਿਕਾਸੀ ਸ਼ੁਰੂ ਕਰ ਦਿੱਤੀ, ਜਿਸ ਨਾਲ ਸਿੰਚਾਈ ਦਾ ਢਾਂਚਾ ਹੋਰ ਵੀ ਟਿਊਬਵੈੱਲਾਂ ਦੀ ਸਿੰਚਾਈ ਉੱਤੇ ਨਿਰਭਰ ਹੋ ਗਿਆ। ਪੰਜਾਬ ਦੀ ਖੇਤੀ ਲਈ ਸਿੰਚਾਈ ਸਿਸਟਮ ਮੁੱਖ ਤੌਰ 'ਤੇ ਦੋ ਸਰੋਤਾਂ ਉੱਤੇ ਆਧਾਰਿਤ ਹੈ - ਪਹਿਲਾ ਨਹਿਰੀ ਪਾਣੀ ਅਤੇ ਦੂਜਾ, ਧਰਤੀ ਹੇਠਲੇ ਪਾਣੀ ਦੀ ਟਿਊਬਵੈੱਲਾਂ ਰਾਹੀਂ ਨਿਕਾਸੀ/ਵਰਤੋਂ। ਸ਼ੁਰੂਆਤੀ ਸਮੇਂ ਵਿੱਚ ਨਹਿਰਾਂ ਮੁੱਖ ਸਰੋਤ ਸਨ, ਪਰ ਹਰੀ ਕ੍ਰਾਂਤੀ ਤੋਂ ਬਾਅਦ ਟਿਊਬਵੈੱਲਾਂ ਨੇ ਨਹਿਰਾਂ ਦੀ ਥਾਂ ਲੈ ਲਈ। ਅੱਜ ਸੂਬੇ ਦੇ ਬਹੁਤ ਵੱਡੇ ਹਿੱਸੇ ਦੀ ਸਿੰਚਾਈ ਟਿਊਬਵੈੱਲਾਂ ਰਾਹੀਂ ਕੀਤੀ ਜਾਂਦੀ ਹੈ। ਇਸ ਨਾਲ ਖੇਤੀਬਾੜੀ ਉਤਪਾਦਨ ਅਤੇ ਉਤਪਾਦਕਤਾ ਵਿੱਚ ਵਾਧਾ ਤਾਂ ਹੋਇਆ, ਪਰ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਘਟਦੇ ਪੱਧਰ ਨੇ ਗੰਭੀਰ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਨਤੀਜੇ ਵਜੋਂ ਪੰਜਾਬ ਵਿੱਚ ਹਰੀ ਕ੍ਰਾਂਤੀ ਦੇ ਸਮੇਂ ਨਹਿਰੀ ਸਿੰਚਾਈ ਕੁੱਲ ਸਿੰਚਾਈ ਅਧੀਨ ਖੇਤੀ ਦੇ ਰਕਬੇ ਦਾ

ਤਕਰੀਬਨ 55-58 ਪ੍ਰਤੀਸ਼ਤ ਅਤੇ ਟਿਊਬਵੈੱਲਾਂ ਦਾ ਲਗਭਗ 42-45% ਸੀ, ਜੋ ਹੌਲੀ-ਹੌਲੀ ਬਦਲ ਕੇ ਅੱਜਕੱਲ੍ਹ ਨਹਿਰੀ ਸਿੰਚਾਈ 23-27 ਪ੍ਰਤੀਸ਼ਤ ਅਤੇ ਟਿਊਬਵੈੱਲਾਂ ਰਾਹੀਂ ਸਿੰਚਾਈ ਦਾ ਹਿੱਸਾ 73-77 ਪ੍ਰਤੀਸ਼ਤ ਹੋ ਗਿਆ ਹੈ।

ਪੰਜਾਬ ਨੇ ਦੇਸ਼ ਦੇ ਅਨਾਜ ਉਤਪਾਦਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਭਾਰਤ ਨੂੰ ਖੁਰਾਕ ਦੇ ਮਾਮਲੇ ਵਿੱਚ ਆਤਮ-ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਇਹ ਮਾਡਲ ਆਪਣੇ ਸਮੇਂ ਵਿੱਚ ਬਹੁਤ ਸਫਲ ਰਿਹਾ, ਪਰ ਲੰਬੇ ਸਮੇਂ ਲਈ ਇਹ ਟਿਕਾਊ ਨਹੀਂ ਸੀ, ਕਿਉਂਕਿ ਬਾਅਦ ਵਿੱਚ ਇਸ ਨੇ ਸੂਬੇ ਵਿੱਚ ਖੇਤੀ ਸੰਕਟ ਪੈਦਾ ਕੀਤਾ, ਜਿਸ ਕਾਰਨ ਸੂਬੇ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਨੇ ਆਰਥਿਕ ਸੰਕਟ ਕਾਰਨ ਖੁਦਕੁਸ਼ੀਆਂ ਵੀ ਕੀਤੀਆਂ, ਜਿਹੜੀਆਂ ਅੱਜ ਵੀ ਜਾਰੀ ਹਨ। ਸੂਬੇ ਦੇ ਸਿੰਚਾਈ ਸਿਸਟਮ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਹੈ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਹੱਦੋਂ ਵੱਧ ਵਰਤੋਂ ਕੀਤੀ ਗਈ ਅਤੇ ਕੀਤੀ ਜਾ ਰਹੀ ਹੈ। ਹਰ ਸਾਲ ਜਿੰਨਾ ਪਾਣੀ ਧਰਤੀ ਹੇਠਾਂ ਦੁਬਾਰਾ ਰੀਚਾਰਜ ਹੁੰਦਾ ਹੈ, ਉਸ ਨਾਲੋਂ ਕਈ ਗੁਣਾਂ ਵੱਧ ਪਾਣੀ ਟਿਊਬਵੈੱਲਾਂ ਰਾਹੀਂ ਕੱਢਿਆ ਜਾ ਰਿਹਾ ਹੈ। ਕੇਂਦਰੀ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਇਸ ਦਾ ਕਾਰਨ ਮੁੱਖ ਤੌਰ 'ਤੇ ਝੋਨੇ ਦੀ ਖੇਤੀ ਦਾ ਵਿਸਥਾਰ, ਮੁਫ਼ਤ ਬਿਜਲੀ ਅਤੇ ਪਾਣੀ ਦੀ ਕੋਈ ਕੀਮਤ ਵਸੂਲ ਨਾ ਕਰਨਾ ਹੈ। ਧਰਤੀ ਹੇਠਲੇ ਪਾਣੀ ਦੀ ਇਸ ਘਾਟ ਕਾਰਨ ਕਿਸਾਨਾਂ ਨੂੰ ਹੋਰ ਡੂੰਘੇ ਟਿਊਬਵੈੱਲ ਲਗਾਉਣੇ ਪੈਂਦੇ ਹਨ, ਜਿਸ ਨਾਲ ਉਨ੍ਹਾਂ ਦੀ ਲਾਗਤ ਵਧਦੀ ਹੈ। ਨਾਲ ਹੀ, ਬਿਜਲੀ ਦੀ ਖਪਤ ਵਿੱਚ ਵੀ ਵਾਧਾ ਹੁੰਦਾ ਹੈ ਅਤੇ ਵਾਤਾਵਰਨ ਉੱਤੇ ਨਾਂਹ-ਪੱਖੀ ਪ੍ਰਭਾਵ ਪੈਂਦਾ ਹੈ। ਨਹਿਰਾਂ ਦੀ ਸਾਂਭ-ਸੰਭਾਲ ਵਿੱਚ ਕਮੀ, ਪਾਣੀ ਦੀ ਅਸਮਾਨ ਵੰਡ, ਨਹਿਰਾਂ ਵਿੱਚ ਗਾਰ ਦਾ ਜਮ੍ਹਾਂ ਹੋਣਾ ਅਤੇ ਰੱਖ-ਰਖਾਅ ਦੀ ਘਾਟ ਕਾਰਨ ਨਹਿਰੀ ਸਿੰਚਾਈ ਦੀ ਪ੍ਰਭਾਵਸ਼ੀਲਤਾ ਘੱਟ ਗਈ ਹੈ। ਨਤੀਜੇ ਵਜੋਂ ਮੁਫ਼ਤ ਬਿਜਲੀ ਕਾਰਨ ਕਿਸਾਨਾਂ ਨੇ ਟਿਊਬਵੈੱਲਾਂ ਰਾਹੀਂ ਸਿੰਚਾਈ ਨੂੰ ਤਰਜ਼ੀਹ ਦਿੱਤੀ ਹੈ। ਸੂਬੇ ਵਿੱਚ ਸਿੰਚਾਈ ਲਈ ਪਾਣੀ ਦੀ ਅਸੰਤੁਲਿਤ ਵਰਤੋਂ ਨੇ ਕਈ ਵਾਤਾਵਰਨ ਸੰਬੰਧੀ ਸਮੱਸਿਆਵਾਂ ਪੈਦਾ ਕੀਤੀਆਂ ਹਨ। ਕੁਝ ਖੇਤਰਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਇੰਨਾ ਹੇਠਾਂ ਚਲਾ ਗਿਆ ਹੈ ਕਿ ਭਵਿੱਖ ਵਿੱਚ ਖੇਤੀਬਾੜੀ ਲਈ ਪਾਣੀ ਦੀ ਉਪਲੱਬਧਤਾ ਖਤਰੇ ਵਿੱਚ ਪੈ ਸਕਦੀ ਹੈ। ਦੂਜੇ ਪਾਸੇ, ਜਿੱਥੇ ਨਹਿਰੀ ਪਾਣੀ ਜ਼ਿਆਦਾ ਉਪਲੱਬਧ ਹੈ, ਉੱਥੇ ਖੇਤਾਂ ਵਿੱਚ ਪਾਣੀ ਭਰਨ ਅਤੇ ਮਿੱਟੀ ਦੀ ਲੂਣੀਕਰਨ ਵਰਗੀਆਂ ਸਮੱਸਿਆਵਾਂ ਵੀ ਸਾਹਮਣੇ ਆਈਆਂ ਹਨ। ਇਸ ਤਰ੍ਹਾਂ ਇੱਕ ਸਿੰਚਾਈ ਮਾਡਲ ਵੱਖ-ਵੱਖ ਖੇਤਰਾਂ ਵਿੱਚ ਵੱਖੋ-ਵੱਖਰੇ ਵਾਤਾਵਰਨ ਦੇ ਪ੍ਰਭਾਵ ਪੈਦਾ ਕਰ ਰਿਹਾ ਹੈ। ਇਹ ਵੀ ਸੱਚਾਈ ਹੈ ਕਿ ਪੰਜਾਬ ਵਿੱਚ ਖੇਤੀ ਦੀ ਸਿੰਚਾਈ ਲਈ ਫੈਸਲੇ ਆਰਥਿਕ ਤਰਕਾਂ ਨਾਲੋਂ ਸਿਆਸੀ ਫੈਸਲਿਆਂ ਤੋਂ ਵੱਧ ਪ੍ਰਭਾਵਿਤ ਰਹੇ ਹਨ। ਖੇਤੀ ਲਈ ਮੁਫ਼ਤ ਬਿਜਲੀ, ਝੋਨੇ ਅਤੇ ਕਣਕ ਦਾ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਦੀ ਪ੍ਰਦਾਲੀ ਅਤੇ ਸਰਕਾਰੀ ਖਰੀਦ ਪ੍ਰਣਾਲੀ ਨੇ ਕਿਸਾਨਾਂ ਨੂੰ ਪਾਣੀ ਵੱਧ ਖਪਤ ਕਰਨ ਵਾਲੀਆਂ ਫ਼ਸਲਾਂ ਵੱਲ ਪ੍ਰੇਰਿਤ ਕੀਤਾ। ਇਸ ਕਾਰਨ ਫ਼ਸਲੀ ਵੰਨ-ਸੁਵੰਨਤਾ ਨੂੰ ਕਿਸਾਨਾਂ ਵੱਲੋਂ ਕੋਈ ਖਾਸ ਤਵੱਜੋਂ ਨਹੀਂ ਦਿੱਤੀ ਗਈ ਹੈ ਅਤੇ ਨਤੀਜੇ ਵਜੋਂ ਸੂਬੇ ਵਿੱਚ ਖੇਤੀ ਲਈ ਸਿੰਚਾਈ ਲਈ ਪਾਣੀ ਦੇ ਸਰੋਤਾਂ ਉੱਤੇ ਦਬਾਅ ਲਗਾਤਾਰ ਵਧਦਾ ਗਿਆ।

ਪੰਜਾਬ ਦੇ ਸਿੰਚਾਈ ਸਿਸਟਮ ਨੂੰ ਟਿਕਾਊ ਬਣਾਉਣ ਲਈ ਜ਼ਰੂਰੀ ਹੈ ਕਿ ਸਭ ਤੋਂ ਪਹਿਲਾਂ ਝੋਨੇ ਦੀ ਥਾਂ ਘੱਟ ਪਾਣੀ ਪ੍ਰਾਪਤ ਕਰਨ ਵਾਲੀਆਂ ਫ਼ਸਲਾਂ ਜਿਵੇਂ ਕਿ ਮੱਕੀ, ਦਾਲਾਂ ਅਤੇ ਖਾਣ ਵਾਲੇ ਤੇਲ ਬੀਜਾਂ ਦੀ ਬਿਜਾਈ ਨੂੰ ਉਤਸ਼ਾਹਤ ਕੀਤਾ ਜਾਵੇ। ਨਾਲ ਹੀ ਨਹਿਰੀ ਸਿੰਚਾਈ ਦੇ ਢਾਂਚੇ ਦਾ ਆਧੁਨਿਕੀਕਰਨ ਕੀਤਾ ਜਾਵੇ, ਰੱਖ-ਰਖਾਅ ਲਈ ਕੁਸ਼ਲ ਬੰਦੋਬਸਤ ਅਤੇ ਲੋੜੀਂਦਾ ਫੰਡਾਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਨਹਿਰੀ ਸਿਸਟਮ ਦਾ ਵਿਸਥਾਰ ਕਰਕੇ ਇਸ ਦੀ ਸਮਰੱਥਾ ਵਧਾਈ ਜਾਵੇ। ਧਰਤੀ ਹੇਠਲੇ ਪਾਣੀ ਦੀ ਹੱਦੋਂ ਵੱਧ ਵਰਤੋਂ ਨੂੰ ਨਿਯਮਤ ਕਰਨ ਲਈ ਪ੍ਰਭਾਵਸ਼ਾਲੀ ਕਾਨੂੰਨੀ ਤੇ ਪ੍ਰਸ਼ਾਸਕੀ ਪ੍ਰਬੰਧ ਕੀਤੇ ਜਾਣ। ਖੇਤੀ ਸਿੰਚਾਈ ਲਈ ਨਵੀਆਂ ਤਕਨੀਕਾਂ ਨਾਲ ਸਿੰਚਾਈ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ, ਜਿਵੇਂ ਕਿ ਫੁਹਾਰਾ ਅਤੇ ਤੁਪਕਾ ਸਿੰਚਾਈ ਵਰਗੀਆਂ ਸੂਖਮ ਸਿੰਚਾਈ ਤਕਨੀਕਾਂ ਨੂੰ ਵਧਾਇਆ ਜਾਣਾ ਚਾਹੀਦਾ ਹੈ। ਸੂਬੇ ਵਿੱਚ ਬਰਸਾਤੀ ਮੌਸਮ ਵਿੱਚ ਕਾਫ਼ੀ ਵਰਖਾ ਹੁੰਦੀ ਹੈ ਅਤੇ ਵਰਖਾ ਦੇ ਪਾਣੀ ਦੀ ਸੰਭਾਲ ਕਰਕੇ ਸਟੋਰ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਧਰਤੀ ਵਿੱਚ ਪਾਣੀ ਦੇ ਰੀਚਾਰਜ ਲਈ ਵਿਸ਼ੇਸ਼ ਯੋਜਨਾਵਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਪਾਣੀ ਦੇ ਸਮੁੱਚੇ ਪ੍ਰਬੰਧਨ, ਫ਼ਸਲੀ ਵਿਭਿੰਨਤਾ, ਆਧੁਨਿਕ ਸਿੰਚਾਈ ਤਕਨੀਕਾਂ ਅਤੇ ਵਿਗਿਆਨਕ ਨੀਤੀਆਂ ਨੂੰ ਅਪਣਾ ਕੇ ਹੀ ਪੰਜਾਬ ਦੀ ਖੇਤੀ ਅਤੇ ਪਾਣੀਆਂ ਦੇ ਸਰੋਤਾਂ ਨੂੰ ਭਵਿੱਖ ਲਈ ਸੁਰੱਖਿਅਤ ਬਣਾਇਆ ਜਾ ਸਕਦਾ ਹੈ।

ਤਿੱਤਲੀਆਂ ਤੋਂ ਸਮਝੋ 'ਉਮਰ ਵਧਣ ਦਾ ਰਹੱਸ'

ਬ੍ਰਿਟੇਨ ਦੀ ਯੂਨੀਵਰਸਿਟੀ 'ਬ੍ਰਿਸਟਲ' ਦੇ ਖੋਜੀਆਂ ਨੇ 'ਹੈਲੀਕੋਨਿਅਸ' ਪ੍ਰਜਾਤੀ ਦੀਆਂ ਤਿੱਤਲੀਆਂ ਦੀ ਉਮਰ ਅਤੇ ਉਨ੍ਹਾਂ ਦੇ ਭੋਜਨ ਦਾ ਅਧਿਐਨ ਕਰਕੇ ਇੱਕ ਦਿਲਚਸਪ ਖੋਜ ਕੀਤੀ ਹੈ। ਇਸ ਸਮੂਹ ਦੀਆਂ ਕੁਝ ਤਿੱਤਲੀਆਂ, ਜਿਵੇਂ ਕਿ 'ਹੈਲਿਕੋਨਿਅਸ ਹੈਵਿਟਸੋਨੀ' ਲਗਭਗ 348 ਦਿਨਾਂ (ਲਗਭਗ ਇੱਕ ਸਾਲ) ਤੱਕ ਜਿਉਂਦੀਆਂ ਰਹਿ ਸਕਦੀਆਂ ਹਨ। ਇਹ ਕਈ ਹੋਰ ਤਿੱਤਲੀਆਂ ਦੇ ਮੁਕਾਬਲੇ ਬਹੁਤ ਜ਼ਿਆਦਾ ਹੈ, ਜੋ ਸਿਰਫ ਕੁਝ ਦਿਨਾਂ ਤੱਕ ਹੀ ਜਿਉਂਦੀਆਂ ਰਹਿੰਦੀਆਂ ਹਨ।

ਖੋਜੀਆਂ ਦੇ ਅਨੁਸਾਰ 'ਹੈਲੀਕੋਨਿਅਸ' ਤਿੱਤਲੀਆਂ ਫੁੱਲਾਂ ਦੇ ਰਸ ਦੇ ਨਾਲ-ਨਾਲ 'ਪਰਾਗ-ਕਣ' ਵੀ ਖਾਂਦੀਆਂ ਹਨ। ਸੰਭਵ ਹੈ ਕਿ ਪਰਾਗ-ਕਣਾਂ ਤੋਂ ਮਿਲਣ ਵਾਲੇ ਪੌਸ਼ਟਿਕ ਤੱਤ ਉਨ੍ਹਾਂ ਦੀ ਲੰਬੀ ਉਮਰ ਵਿੱਚ ਮਦਦ ਕਰਦੇ ਹੋਣ। ਜ਼ਿਆਦਾਤਰ ਤਿੱਤਲੀਆਂ ਦਾ ਭੋਜਨ ਸਿਰਫ ਫੁੱਲਾਂ ਦਾ ਰਸ ਹੁੰਦਾ ਹੈ। ਹਾਲ ਹੀ ਵਿੱਚ ਵਿਗਿਆਨੀਆਂ ਨੂੰ ਇਹ ਵੀ ਪਤਾ ਲੱਗਿਆ ਹੈ ਕਿ ਇਸ ਸਮੂਹ ਦੀਆਂ ਕੁਝ ਤਿੱਤਲੀਆਂ ਵਿੱਚ ਆਪਣੀ 'ਉਮਰ ਵਧਣ ਦੀ ਪ੍ਰਕਿਰਿਆ' ਨੂੰ ਹੌਲੀ ਕਰਨ ਦੀ ਸਮਰੱਥਾ 'ਵਿਕਸਿਤ' ਹੋਈ ਹੈ। ਇਸ ਨਾਲ ਵਿਗਿਆਨੀਆਂ ਨੂੰ ਇਨਸਾਨਾਂ ਵਿੱਚ ਉਮਰ ਵਧਣ ਦੀ ਪ੍ਰਕਿਰਿਆ ਨੂੰ ਸਮਝਣ ਲਈ ਵੀ ਕੁਝ ਨਵੇਂ ਸੰਕੇਤ ਮਿਲ ਸਕਦੇ ਹਨ।

ਕੀ ਤੁਸੀਂ ਜਾਣਦੇ ਹੋ ? : ਤਿੱਤਲੀਆਂ ਦੇ ਰੰਗ-ਬਿਰੰਗੇ ਖੰਭ ਸਿਰਫ ਉਨ੍ਹਾਂ ਨੂੰ ਸੁੰਦਰ ਹੀ ਨਹੀਂ ਬਣਾਉਂਦੇ, ਸਗੋਂ ਉਹ ਕਈ ਦੂਜੇ ਕੰਮ ਵੀ ਕਰਦੇ ਹਨ। ਉਹ ਤਿੱਤਲੀਆਂ ਨੂੰ ਸ਼ਿਕਾਰੀਆਂ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ ਅਤੇ ਉਨ੍ਹਾਂ ਦੇ ਸਰੀਰ ਦਾ ਤਾਪਮਾਨ ਕੰਟਰੋਲ ਕਰਨ ਵਿੱਚ ਵੀ ਭੂਮਿਕਾ ਨਿਭਾਉਂਦੇ ਹਨ।

ਨਵਜੋਤ ਸਿੰਘ ਬਰਾੜ ਅਤੇ
ਸੁਖਵਿੰਦਰ ਸਿੰਘ ਔਲਖ,
ਪੀ. ਏ. ਯੂ.-ਸਬਜ਼ੀ ਖੋਜ ਫਾਰਮ,
ਖਨੌੜਾ (ਹੁਸ਼ਿਆਰਪੁਰ)
ਮੋ. 94666-13412

ਸਬਜ਼ੀਆਂ ਦੀ ਘਰੇਲੂ ਬਗੀਚੀ

ਤੰਦਰੁਸਤ ਪਰਿਵਾਰ ਦੀ ਸ਼ੁਰੂਆਤ

ਘਰੇਲੂ ਬਗੀਚੀ (ਕਿਚਨ ਗਾਰਡਨ) ਦਾ ਮਹੱਤਵ : ਇੱਕ ਘਰੇਲੂ ਸਬਜ਼ੀਆਂ ਦੀ ਬਗੀਚੀ ਪਰਿਵਾਰ ਨੂੰ ਪੌਸ਼ਟਿਕ ਭੋਜਨ ਪ੍ਰਦਾਨ ਕਰਦੀ ਹੈ, ਜੋ ਜ਼ਰੂਰੀ ਵਿਟਾਮਿਨਾਂ ਅਤੇ ਖਣਿਜਾਂ ਦੀ ਸਪਲਾਈ ਵਧਾ ਕੇ ਸਾਡੀ ਖੁਰਾਕ ਨੂੰ ਪੌਸ਼ਟਿਕ ਬਣਾਉਂਦੀ ਹੈ। ਵਿਟਾਮਿਨ ਅਜਿਹੇ ਰੱਖਿਅਕ ਤੱਤ ਹਨ ਜੋ ਸਾਡੇ ਸਰੀਰ ਨੂੰ ਇਨਫੈਕਸ਼ਨਾਂ (ਲਾਗ) ਅਤੇ ਬਿਮਾਰੀਆਂ ਤੋਂ ਬਚਾਉਂਦੇ ਹਨ, ਅਤੇ ਖਣਿਜ ਉਹ ਤੱਤ ਹਨ ਜੋ ਬਹੁਤ ਘੱਟ ਮਾਤਰਾ ਵਿੱਚ ਚਾਹੀਦੇ ਹੁੰਦੇ ਹਨ ਪਰ ਸਰੀਰ ਦੇ ਬਹੁਤ ਸਾਰੇ ਕਾਰਜਾਂ ਲਈ ਬੇਹੱਦ ਜ਼ਰੂਰੀ ਹਨ। ਅਸੀਂ ਸਬਜ਼ੀਆਂ ਖੁਦ ਉਗਾ ਆਪਣੇ ਪਰਿਵਾਰ ਲਈ ਤਾਜ਼ੀਆਂ ਅਤੇ ਜ਼ਹਿਰ-ਮੁਕਤ ਸਬਜ਼ੀਆਂ ਦੀ ਸਪਲਾਈ ਯਕੀਨੀ ਬਣਾ ਸਕਦੇ ਹਾਂ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਗਰਮੀਆਂ ਅਤੇ ਸਰਦੀਆਂ ਦੀਆਂ ਸਬਜ਼ੀਆਂ ਦੇ ਬੀਜਾਂ ਦੇ ਛੋਟੇ-ਛੋਟੇ ਲਿਫ਼ਾਫ਼ੇ ਹੁੰਦੇ ਹਨ, ਜੋ 4 ਤੋਂ 6 ਮੈਂਬਰਾਂ ਦੇ ਪਰਿਵਾਰ ਲਈ ਬਗੀਚੀ ਸ਼ੁਰੂ ਕਰਨ ਲਈ ਕਾਫ਼ੀ ਹੁੰਦੇ ਹਨ ।

ਘਰੇਲੂ ਸਬਜ਼ੀ ਬਗੀਚੀ ਦੇ ਪ੍ਰਮਾਣਿਤ ਮਾਡਲ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਰਹਿਣ-ਸਹਿਣ ਦੀਆਂ ਵੱਖ-ਵੱਖ ਸਥਿਤੀਆਂ ਮੁਤਾਬਿਕ ਵਿਗਿਆਨਕ ਤੌਰ 'ਤੇ ਤਿਆਰ ਕੀਤੇ ਮਾਡਲ ਵਿਕਸਿਤ ਕੀਤੇ ਹਨ :

★ **6 ਮੀਟਰ × 6 ਮੀਟਰ ਮਿੱਟੀ ਵਾਲਾ ਮਾਡਲ :** ਜਿਨ੍ਹਾਂ ਕੋਲ ਜ਼ਮੀਨ ਦਾ ਛੋਟਾ ਟੁਕੜਾ/ਪਲਾਟ ਹੈ, ਉਹ ਇਸ ਮਾਡਲ ਰਾਹੀਂ ਸਾਲਾਨਾ ਲਗਭਗ 300 ਕਿਲੋ ਸਬਜ਼ੀਆਂ ਪੈਦਾ ਕਰ ਸਕਦੇ ਹਨ । ਇਸ ਥਾਂ ਵਿੱਚ 27 ਵੱਖ-ਵੱਖ ਕਿਸਮਾਂ ਦੀਆਂ ਸਬਜ਼ੀਆਂ ਉਗਾ ਕੇ, ਚਾਰ ਮੈਂਬਰਾਂ (ਦੋ ਬਾਲਗ ਅਤੇ ਦੋ ਬੱਚੇ) ਦੇ ਪਰਿਵਾਰ ਦੀਆਂ ਵਿਟਾਮਿਨਾਂ ਅਤੇ ਖਣਿਜਾਂ ਦੀਆਂ ਸਮੁੱਚੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ ।

★ **ਟੈਰੇਸ ਗਾਰਡਨ :** ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕ ਬਿਨਾਂ ਮਿੱਟੀ ਵਾਲੇ ਮਾਧਿਅਮ ਜਿਵੇਂ ਕਿ ਕੋਕੋ ਪੀਟ, ਗਰੋ ਬੈਗਸ ਦੀ ਵਰਤੋਂ ਕਰ ਸਕਦੇ ਹਨ । ਇਹ ਮਾਡਲ ਵਰਤਣ ਵਿੱਚ ਬਹੁਤ ਆਸਾਨ ਹਨ ਅਤੇ ਇਹਨਾਂ ਵਿੱਚ ਖਾਦ ਵਾਲੇ ਪਾਣੀ ਦੀ ਸਪਲਾਈ ਲਈ ਆਟੋਮੈਟਿਕ ਟਾਈਮਰ ਵੀ ਲਗਾਏ ਜਾ ਸਕਦੇ ਹਨ, ਜੋ ਕਿ ਨੌਕਰੀ ਪੇਸ਼ਾ ਲੋਕਾਂ ਜਾਂ ਜਿਸ ਕੋਲ ਸਮੇਂ ਦੀ ਘਾਟ ਹੋਵੇ, ਲਈ ਬਿਲਕੁਲ ਢੁੱਕਵੇਂ ਹਨ ।

★ **ਖੇਤੀਬਾੜੀ ਰਹਿੰਦ-ਖੂੰਹਦ ਮਾਧਿਅਮ :** ਇੱਕ ਹੋਰ ਵਾਤਾਵਰਣ-ਪੱਖੀ ਵਿਕਲਪ ਚੰਗੀ ਤਰ੍ਹਾਂ ਸੜੀ-ਗਲੀ ਤੂੜੀ ਦੀ ਖਾਦ ਅਤੇ ਗੰਨਾ ਮਿੱਲ ਦੀ ਮੈਲ (ਪ੍ਰੈਸ-ਮੱਡ) ਦੇ ਮਿਸ਼ਰਣ ਦੀ ਵਰਤੋਂ ਕਰਨਾ ਹੈ । ਇਹ ਮਿਸ਼ਰਣ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ ਅਤੇ ਗਮਲਿਆਂ ਜਾਂ ਕੰਟੇਨਰਾਂ ਵਿੱਚ ਪੌਦਿਆਂ ਦੇ ਵਧੀਆ ਵਿਕਾਸ ਲਈ ਲੋੜੀਂਦਾ ਹਵਾਦਾਰ ਮਾਧਿਅਮ ਪ੍ਰਦਾਨ ਕਰਦਾ ਹੈ ।

ਫ਼ਸਲ/ਪੈਦਾਵਾਰ ਨੂੰ ਵਧਾਉਣ ਦੇ ਢੰਗ : ਲਗਾਤਾਰ ਅਤੇ ਉੱਚ-ਗੁਣਵੱਤਾ ਵਾਲੇ ਭੋਜਨ ਦੀ ਸਪਲਾਈ ਯਕੀਨੀ ਬਣਾਉਣ ਲਈ, ਇਹਨਾਂ ਸੁਝਾਵਾਂ ਵੱਲ ਧਿਆਨ ਦਿਓ :

★ **ਖੜ੍ਹਵੇਂ ਰੂਪ ਵਿੱਚ ਸਹਾਰਾ ਦੇਣਾ/ਵਰਟੀਕਲ ਫ਼ਾਰਮਿੰਗ :** ਕਮਜ਼ੋਰ ਤਣੇ ਵਾਲੀਆਂ ਸਬਜ਼ੀਆਂ ਜਿਵੇਂ ਕਿ ਘੀਆ ਕੱਦੂ, ਕਾਲੀ ਤੋਰੀ, ਖੀਰਾ ਅਤੇ ਟਮਾਟਰਾਂ ਨੂੰ ਨਾਈਲੋਨ ਦੀਆਂ ਰੱਸੀਆਂ ਨਾਲ ਉੱਪਰ ਵੱਲ ਸਹਾਰਾ ਦੇਣਾ ਚਾਹੀਦਾ ਹੈ ਤਾਂ ਜੋ ਜਗ੍ਹਾ ਦੀ ਬੱਚਤ ਹੋਵੇ ਅਤੇ ਵਧੀਆ ਗੁਣਵੱਤਾ ਵਾਲਾ ਫਲ ਪ੍ਰਾਪਤ ਕੀਤਾ ਜਾ ਸਕੇ ।

★ **ਵਕਫ਼ੇ 'ਤੇ ਬਿਜਾਈ :** ਸਾਰੀਆਂ ਸਬਜ਼ੀਆਂ ਇੱਕੋ ਵਾਰ ਬੀਜਣ ਦੀ ਬਜਾਏ, ਧਨੀਆ, ਮੂਲੀ, ਗਾਜਰ ਅਤੇ ਭਿੰਡੀ ਵਰਗੀਆਂ ਫ਼ਸਲਾਂ ਨੂੰ ਹਰ 15 ਦਿਨਾਂ (ਪੰਦਰਵਾੜੇ) ਦੇ ਫ਼ਰਕ ਨਾਲ ਬੀਜੋ ਤਾਂ ਜੋ ਸਬਜ਼ੀਆਂ ਦੀ ਨਿਰੰਤਰ ਅਤੇ ਨਿਰਵਿਘਨ ਸਪਲਾਈ ਰਹੇ ।

★ **"ਸੁਪਰਫੂਡ" ਦਾ ਹੁਲਾਰਾ :** ਮਾਈਕ੍ਰੋਗ੍ਰੀਨਜ਼ (ਛੋਟੀਆਂ ਪੁੰਗਰੀਆਂ ਪੱਤੀਆਂ) ਨੂੰ ਅਣਗੌਲਿਆ ਨਾ ਕਰੋ । ਇਹਨਾਂ ਨੰਨ੍ਹੇ ਪੌਦਿਆਂ ਨੂੰ ਸਿਰਫ਼ 7-14 ਦਿਨਾਂ ਵਿੱਚ ਹੀ ਤੋੜਿਆ ਜਾ ਸਕਦਾ ਹੈ ਅਤੇ ਇਹ ਵਿਕਸਿਤ ਸਬਜ਼ੀਆਂ ਦੇ ਮੁਕਾਬਲੇ 1.5 ਤੋਂ 2 ਗੁਣਾ ਵੱਧ ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੇ ਹਨ ।

ਫ਼ਲਦਾਰ ਬੂਟਿਆਂ ਵਿੱਚ ਫੁੱਲ ਅਤੇ ਫ਼ਲ ਝੜਨ ਦੀ ਸਮੱਸਿਆ ਦੇ ਕਾਰਨ ਅਤੇ ਰੋਕਥਾਮ

ਅਰਵਿੰਦ ਪ੍ਰੀਤ ਕੌਰ ਅਤੇ ਰਵਿੰਦਰ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ,
ਫਤਿਹਗੜ੍ਹ ਸਾਹਿਬ (ਮੋਬਾਇਲ : 94637-28095)

ਬਾਗਾਂ ਵਿੱਚ ਫੁੱਲ ਅਤੇ ਫ਼ਲਾਂ ਦੇ ਸਮੇਂ ਤੋਂ ਪਹਿਲਾਂ ਝੜਨ ਦੀ ਸਮੱਸਿਆ ਕਾਰਨ ਕਿਸਾਨਾਂ ਨੂੰ ਉਤਪਾਦਨ ਵਿੱਚ ਕਮੀ ਅਤੇ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਫੁੱਲ ਝੜਨ ਦੀ ਸਥਿਤੀ ਫੁੱਲ ਫ਼ਲ ਬਣਨ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ, ਜਦਕਿ ਫ਼ਲ ਝੜਨ ਵਿੱਚ ਨਵੇਂ ਬਣੇ ਜਾਂ ਵਿਕਾਸਸ਼ੀਲ ਫ਼ਲ ਸਮੇਂ ਤੋਂ ਪਹਿਲਾਂ ਹੀ ਟੁੱਟ ਕੇ ਡਿੱਗ ਜਾਂਦੇ ਹਨ ।

ਫੁੱਲ ਅਤੇ ਫ਼ਲ ਝੜਨ ਦੇ ਮੁੱਖ ਕਾਰਨ :

★ **ਖੁਰਾਕ ਦੀ ਕਮੀ :** ਬੂਟੇ ਵਿੱਚ ਨਾਈਟ੍ਰੋਜਨ, ਪੋਟਾਸ਼ੀਅਮ, ਜ਼ਿੰਕ ਜਾਂ ਮੈਂਗਨੀਜ਼ ਦੀ ਘਾਟ ਹੋਣਾ ।

★ **ਪਾਣੀ ਦਾ ਅਸੰਤੁਲਨ :** ਮਿੱਟੀ ਵਿੱਚ ਲੰਬੇ ਸਮੇਂ ਤੱਕ ਖੁਸ਼ਕੀ ਰਹਿਣਾ ਅਤੇ ਫਿਰ ਭਾਰੀ ਸਿੰਚਾਈ ਕਰਨਾ ।

★ **ਹਾਰਮੋਨਾਂ ਦਾ ਅਸੰਤੁਲਨ :** ਬੂਟੇ ਵਿੱਚ ਈਥੀਲੀਨ ਦੀ ਮਾਤਰਾ ਵਧ ਜਾਣਾ ।

★ **ਕੀੜੇ ਅਤੇ ਬਿਮਾਰੀਆਂ :** ਉੱਲੀ ਜਾਂ ਫਲ ਦੀ ਮੱਖੀ ਦਾ ਹਮਲਾ ।

ਰੋਕਥਾਮ :

1. ਪਲਾਂਟ ਗਰੋਥ ਰੈਗੂਲੇਟਰ (ਹਾਰਮੋਨ) ਦੀ ਵਰਤੋਂ

★ **ਐਨ.ਏ.ਏ. (ਨੈਪਥਲੀਨ ਐਸੇਟਿਕ ਐਸਿਡ) :** ਅਮਰੂਦ ਵਿੱਚ ਫ਼ਲ ਬਣਨ ਦੀ ਸ਼ੁਰੂਆਤ ਵਿੱਚ 20 ਗ੍ਰਾਮ ਐਨ.ਏ.ਏ. ਨੂੰ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨ ਨਾਲ ਫ਼ਲ ਝੜਨ ਦੀ ਦਰ ਕਾਫੀ ਘੱਟ ਹੋ ਜਾਂਦੀ ਹੈ । ਬੇਰਾਂ ਨੂੰ ਪੱਕਣ ਤੋਂ ਪਹਿਲਾਂ ਝੜਨ ਤੋਂ ਰੋਕਣ ਲਈ ਐਨ.ਏ.ਏ. (15 ਗ੍ਰਾਮ 500 ਲਿਟਰ ਪਾਣੀ) ਦੇ ਦੋ ਛਿੜਕਾਅ ਅਕਤੂਬਰ ਅਤੇ ਨਵੰਬਰ ਦੇ ਦੂਸਰੇ ਪੰਦਰਵਾੜੇ ਵਿੱਚ ਕਰੋ ।

★ **ਜਿਬਰੈਲਿਕ ਐਸਿਡ :** ਕਿੰਨੂ ਵਿੱਚ ਜਿਬਰੈਲਿਕ ਐਸਿਡ (10 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ) ਦਾ ਛਿੜਕਾਅ ਅੱਧ ਅਪ੍ਰੈਲ, ਅਗਸਤ ਅਤੇ ਸਤੰਬਰ ਦੇ ਮਹੀਨੇ ਕਰਨ ਨਾਲ ਫ਼ਲ ਦਾ ਝੜਨਾ ਰੋਕਿਆ ਜਾ ਸਕਦਾ ਹੈ ।

2. ਪੌਸ਼ਟਿਕ ਤੱਤਾਂ ਦਾ ਪ੍ਰਬੰਧ

★ ਨਿੰਬੂ ਜਾਤੀ ਵਿੱਚ ਜ਼ਿੰਕ ਅਤੇ ਮੈਗਨੀਜ਼ ਦੀ ਘਾਟ ਦੀ ਪੂਰਤੀ ਲਈ ਜ਼ਿੰਕ ਸਲਫੇਟ (4.70 ਗ੍ਰਾਮ ਪ੍ਰਤੀ ਲਿਟਰ ਪਾਣੀ) ਅਤੇ ਮੈਗਨੀਜ਼ ਸਲਫੇਟ (3.30 ਗ੍ਰਾਮ ਪ੍ਰਤੀ ਲਿਟਰ ਪਾਣੀ) ਨੂੰ ਰਲਾ ਕੇ ਅਖ਼ੀਰ ਅਪ੍ਰੈਲ ਅਤੇ ਅੱਧ ਅਗਸਤ ਦੌਰਾਨ ਸਪਰੇਅ ਕਰੋ ।

★ ਅਮਰੂਦ ਵਿੱਚ ਜ਼ਿੰਕ ਦੀ ਘਾਟ ਨੂੰ ਜ਼ਿੰਕ ਸਲਫੇਟ ਤੇ ਚੂਨੇ (1 ਕਿਲੋ ਜ਼ਿੰਕ ਸਲਫੇਟ + ਅੱਧਾ ਕਿਲੋ ਅਣਬੁਝਿਆ ਚੂਨਾ 100 ਲਿਟਰ ਪਾਣੀ ਵਿੱਚ) ਦੇ ਘੋਲ ਦਾ ਛਿੜਕਾਅ ਕਰਕੇ ਪੂਰਾ ਕੀਤਾ ਜਾ ਸਕਦਾ ਹੈ । ਇਹ ਛਿੜਕਾਅ ਜੁਲਾਈ ਤੋਂ ਸਤੰਬਰ ਵਿੱਚ

ਪੰਦਰਾਂ ਦਿਨ ਦੇ ਵਕਫ਼ੇ ਨਾਲ ਕਰੋ ।

★ ਬੇਰ ਵਿੱਚ ਫ਼ਲਾਂ ਦੇ ਵਿਕਾਸ ਸਮੇਂ 1.5% ਪੋਟਾਸ਼ੀਅਮ ਨਾਈਟ੍ਰੇਟ (15 ਗ੍ਰਾਮ ਪ੍ਰਤੀ ਲਿਟਰ ਪਾਣੀ) ਦੇ ਦੋ ਛਿੜਕਾਅ, ਪਹਿਲਾਂ ਅੱਧ ਨਵੰਬਰ ਅਤੇ ਦੂਜਾ ਅੱਧ ਜਨਵਰੀ ਛਿੜਕਣ ਨਾਲ ਫ਼ਲ ਟਾਹਣੀਆਂ ਨਾਲ ਮਜ਼ਬੂਤੀ ਨਾਲ ਜੁੜੇ ਰਹਿੰਦੇ ਹਨ ।

3. ਸਿੰਚਾਈ ਅਤੇ ਨਮੀ ਪ੍ਰਬੰਧਨ

★ ਬਾਰਿਸ਼ਾਂ ਦੇ ਦਿਨਾਂ ਵਿੱਚ ਬਾਗ ਦੇ ਅੰਦਰ ਪਾਣੀ ਖੜ੍ਹਾ ਨਾ ਹੋਣ ਦਿਓ, ਨਿਕਾਸੀ ਦਾ ਉਚੇਚਾ ਪ੍ਰਬੰਧ ਰੱਖੋ ।

★ ਬਾਗ ਵਿੱਚ ਮਿੱਟੀ ਦੀ ਨਮੀਂ ਬਣਾਈ ਰੱਖੋ। ਖਾਸ ਕਰਕੇ ਫ਼ਲ ਬਣਨ ਅਤੇ ਵਿਕਾਸ ਦੇ ਦੌਰਾਨ ਪਾਣੀ ਦੀ ਘਾਟ ਨਾ ਆਉਣ ਦਿਓ ।

★ ਗਰਮੀ ਦੇ ਮੌਸਮ ਵਿੱਚ ਹਫ਼ਤੇ ਵਿੱਚ ਇੱਕ ਜਾਂ ਦੋ ਵਾਰ ਰੋਜ਼ਾਨਾ ਲੋੜ ਮੁਤਾਬਕ ਪਾਣੀ ਦਿਓ ਤਾਂ ਜੋ ਸੋਕੇ ਕਾਰਨ ਫ਼ਲ ਨਾ ਡਿੱਗਣ ।

★ ਜ਼ਮੀਨ ਵਿੱਚ ਨਮੀ ਨੂੰ ਸਥਿਰ ਰੱਖਣ ਲਈ ਰੁੱਖਾਂ ਦੇ ਦੁਆਲੇ ਪਰਾਲੀ ਵਿਛਾਓ ।

4. ਕੀਟ ਅਤੇ ਰੋਗ ਰੋਕਥਾਮ

★ **ਫ਼ਲ ਦੀ ਮੱਖੀ :** ਮੱਖੀ ਦੇ ਹਮਲੇ ਕਾਰਨ ਫ਼ਲ ਅੰਦਰੋਂ ਸੜ ਕੇ ਡਿੱਗ ਪੈਂਦੇ ਹਨ । ਇਸਦੀ ਰੋਕਥਾਮ ਲਈ ਬਾਗ ਵਿੱਚ ਸਿਫ਼ਾਰਸ਼ ਕੀਤੇ ਪੀ.ਏ.ਯੂ. ਫਰੂਟ ਫਲਾਈ ਟਰੈਪ 16 ਪ੍ਰਤੀ ਏਕੜ ਦੇ ਹਿਸਾਬ ਨਾਲ ਅਮਰੂਦ ਵਿੱਚ ਜੁਲਾਈ ਦੇ ਪਹਿਲੇ ਹਫ਼ਤੇ ਅਤੇ ਕਿੰਨੂ ਵਿੱਚ ਅਗਸਤ ਵਿੱਚ ਲਗਾਓ । ਡਿੱਗੇ ਹੋਏ ਅਤੇ ਕੀੜੇ ਵਾਲੇ ਫ਼ਲਾਂ ਨੂੰ ਇਕੱਠਾ ਕਰਕੇ ਜ਼ਮੀਨ ਵਿੱਚ ਡੂੰਘਾ ਦੱਬ ਦਿਓ ਤਾਂ ਜੋ ਕੀਟ ਅੱਗੇ ਨਾ ਵਧਣ ।

★ **ਧੂੜੇਦਾਰ ਉੱਲੀ :** ਬੇਰ ਦੇ ਬੂਟਿਆਂ ਤੇ 250 ਗ੍ਰਾਮ ਵੈਟੇਬਲ ਸਲਫਰ ਜਾਂ ਕੈਰਾਥੇਨ 40 ਈ ਸੀ (50 ਮਿਲੀਲਿਟਰ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਅੱਧ ਸਤੰਬਰ (ਫੁੱਲਾਂ ਵੇਲੇ), ਅੱਧ ਅਕਤੂਬਰ, ਅੱਧ ਨਵੰਬਰ ਅਤੇ ਅੱਧ ਦਸੰਬਰ ਦੌਰਾਨ ਛਿੜਕਾਅ ਕਰੋ ।

ਬਰਸਾਤਾਂ ਦੌਰਾਨ ਸਬਜ਼ੀਆਂ ਦੀਆਂ ਫ਼ਸਲਾਂ ਵਿੱਚ ਸਰਵਪੱਖੀ ਕੀਟ ਪ੍ਰਬੰਧਨ

ਜਸ਼ਨਦੀਪ ਕੌਰ ਅਤੇ ਤੇਜਪਾਲ ਸਿੰਘ ਸਰਾਂ,
ਪੀ. ਐਚ. ਪੀ. ਟੀ. ਸੀ., ਲੁਧਿਆਣਾ (ਮੋਬਾਇਲ : 94171-49233)

ਪੰਜਾਬ ਵਿੱਚ ਬਰਸਾਤ ਦੇ ਮੌਸਮ ਵਿੱਚ ਸਬਜ਼ੀਆਂ ਦੀ ਕਾਸ਼ਤ ਨੂੰ ਉੱਚ ਨਮੀਂ, ਲਗਾਤਾਰ ਬਾਰਿਸ਼ ਅਤੇ ਗਰਮ ਤਾਪਮਾਨ ਕਾਰਨ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ । ਸਰਵਪੱਖੀ ਕੀਟ ਪ੍ਰਬੰਧਨ (IPM) ਸਿਹਤਮੰਦ ਪੈਦਾਵਾਰ ਨੂੰ ਯਕੀਨੀ ਬਣਾਉਂਦੇ ਹੋਏ ਕੀਟਨਾਸ਼ਕਾਂ ਦੀ ਵਰਤੋਂ ਨੂੰ ਘੱਟ ਕਰਨ, ਰਹਿੰਦ-ਖੂੰਹਦ ਨੂੰ ਘਟਾਉਣ ਅਤੇ ਵਾਤਾਵਰਨਕ ਸੰਤੁਲਨ ਬਣਾਈ ਰੱਖਣ ਵਿੱਚ ਸਹਾਈ ਹੁੰਦਾ ਹੈ । ਪੀ.ਏ.ਯੂ. ਦੀਆਂ ਸਿਫ਼ਾਰਸ਼ਾਂ ਜਿਵੇਂ ਕਿ ਕੀਟਾਂ ਦੀ ਨਿਗਰਾਨੀ, ਸਮੇਂ ਸਿਰ ਰੋਕਥਾਮ ਅਤੇ ਨਿੰਮ-ਆਧਾਰਿਤ ਕੀਟਨਾਸ਼ਕ ਅਤੇ ਟ੍ਰੈਪਾਂ ਵਰਗੇ ਵਾਤਾਵਰਣ-ਅਨੁਕੂਲ ਵਿਕਲਪਾਂ ਨੂੰ ਤਰਜੀਹ ਦੇਣ 'ਤੇ ਜ਼ੋਰ ਦਿੰਦੀਆਂ ਹਨ ।

ਵੇਲ ਵਾਲੀਆਂ ਸਬਜ਼ੀਆਂ (ਘੀਆ-ਕੱਦੂ, ਕਰੇਲਾ, ਤੋਰੀ, ਤਰ ਆਦਿ) : ਲਾਲ ਭੂੰਡੀ ਸ਼ੁਰੂਆਤੀ ਦੌਰ ਵਿੱਚ ਪੌਦਿਆਂ 'ਤੇ ਹਮਲਾ ਕਰਦੀ ਹੈ, ਇਹ ਪੱਤਿਆਂ ਵਿੱਚ ਮੋਰੀਆਂ ਕਰਦੀ ਹੈ । ਇਸ ਦੀ ਰੋਕਥਾਮ ਲਈ ਬੂਟੇ ਦੇ ਉਗਣ ਤੋਂ ਬਾਅਦ ਹਫ਼ਤੇ ਵਿੱਚ 3-4 ਵਾਰ ਪੌਦਿਆਂ 'ਤੇ ਗੋਹੇ ਦੀ ਸੁਆਹ ਦੀ ਧੂੜ ਦਿਓ ਜਾਂ ਨੁਕਸਾਨ ਤੋਂ ਬਚਣ ਲਈ ਫ਼ਸਲ ਨੂੰ ਨਵੰਬਰ ਵਿੱਚ ਬੀਜੋ । ਚੇਪੇ ਅਤੇ ਚਿੱਟੀ ਮੱਖੀ ਫਰਵਰੀ-ਮਾਰਚ ਅਤੇ ਸ਼ੁਰੂਆਤੀ ਸੀਜ਼ਨ ਵਿੱਚ ਬੂਟਿਆਂ ਤੋਂ ਰਸ ਚੂਸਦੀਆਂ ਹਨ; ਇਸ ਤੋਂ ਬਚਾਅ ਲਈ ਵੱਟਾਂ, ਰਸਤਿਆਂ ਅਤੇ ਖਾਲੀ ਪਈਆਂ ਜ਼ਮੀਨਾਂ ਵਿੱਚ ਨਦੀਨਾਂ ਦਾ ਖਾਤਮਾ ਕਰੋ । ਚਿੱਟੀ ਮੱਖੀ ਦੇ ਦਿਖਣ 'ਤੇ ਪੀ.ਏ.ਯੂ. ਦੇ ਘਰੇਲੂ ਨਿੰਮ ਦੇ ਘੋਲ (1200 ਮਿ.ਲਿ./ਏਕੜ 100-125 ਲੀਟਰ ਪਾਣੀ ਵਿੱਚ) ਦਾ ਛਿੜਕਾਅ ਇੱਕ ਜਾਂ ਦੋ ਵਾਰ ਕਰੋ ।

ਫ਼ਲਾਂ ਦੀਆਂ ਮੱਖੀਆਂ ਬਹੁਤ ਜ਼ਿਆਦਾ ਨੁਕਸਾਨ ਕਰਦੀਆਂ ਹਨ, ਇਹ ਫ਼ਲਾਂ ਨੂੰ ਕਾਣੇ ਕਰਕੇ ਉਸ ਅੰਦਰ ਅੰਡੇ ਦੇ ਕੇ ਫ਼ਲਾਂ ਨੂੰ ਗਾਲ ਦਿੰਦੀਆਂ ਹਨ । ਇਹਨਾਂ ਦੀ ਰੋਕਥਾਮ ਲਈ 8-10 ਮੀਟਰ ਦੂਰੀ ਤੇ ਟ੍ਰੈਪ ਫ਼ਸਲ ਵਜੋਂ ਉਗਾਈ ਮੱਕੀ ਦੇ ਹੇਠਲੇ ਪੱਤਿਆਂ 'ਤੇ 20 ਮਿਲੀਲਿਟਰ ਮੈਲਾਥੀਔਨ 50 ਈਸੀ ਅਤੇ 200 ਗ੍ਰਾਮ ਗੁੜ ਨੂੰ 20 ਲੀਟਰ ਪਾਣੀ ਵਿੱਚ ਘੋਲ ਕੇ ਟ੍ਰੈਪ ਸਪਰੇਅ ਵਜੋਂ ਵਰਤੋਂ । ਤੋਰੀ ਅਤੇ ਕਰੇਲੇ ਦੀ ਬਰਸਾਤੀ ਮੌਸਮ ਦੀ ਫ਼ਸਲ ਲਈ ਜੂਨ ਦੇ ਚੌਥੇ ਹਫ਼ਤੇ ਵਿੱਚ ਪੀ.ਏ.ਯੂ. ਫਰੂਟ ਫਲਾਈ ਟ੍ਰੈਪ (16 ਟਰੈਪ/ਏਕੜ) ਲਗਾਓ । ਮੱਖੀ ਦੇ ਹਮਲੇ ਤੋਂ ਗਲ ਰਹੇ ਫ਼ਲਾਂ ਨੂੰ ਤੁਰੰਤ ਖੇਤ ਵਿੱਚੋਂ ਹਟਾਓ ਅਤੇ ਨਸ਼ਟ ਕਰੋ ।

ਭਿੰਡੀ : ਤੇਲੇ ਦੇ ਹਮਲੇ ਨਾਲ ਭਿੰਡੀ ਦੇ ਪੱਤੇ ਪੀਲੇ ਪੈਣੇ ਸ਼ੁਰੂ ਹੋ ਜਾਂਦੇ ਹਨ ਅਤੇ ਮੁੜਨ ਉਪਰੰਤ ਪੱਤੇ ਝੜ ਜਾਂਦੇ ਹਨ । ਜਦੋਂ ਤੇਲੇ ਦੀ ਗਿਣਤੀ ਇੱਕ ਪੱਤੇ 'ਤੇ 4 ਤੋਂ ਵੱਧ ਜਾਵੇ ਤਾਂ ਏਕੋਟਿਨ 5% ਜਾਂ 2000 ਮਿਲੀਲੀਟਰ ਪੀ.ਏ.ਯੂ. ਦੇ ਘਰੇਲੂ ਨਿੰਮ ਦੇ ਘੋਲ ਜਾਂ 40 ਮਿਲੀਲੀਟਰ ਕੌਨਫੀਡੌਰ 17.8 ਐਸ ਐੱਲ ਜਾਂ ਐਕਟਾਰਾ 25 ਡਬਲਯੂ ਜੀ ਦੀ 100-125 ਲੀਟਰ ਪਾਣੀ ਦੀ ਵਰਤੋਂ ਕਰਕੇ 1 ਏਕੜ ਵਿੱਚ ਸਪਰੇਅ ਕਰੋ ।

ਚਿਤਕਬਰੀ ਸੁੰਡੀ ਮਈ ਤੋਂ ਸਤੰਬਰ ਤੱਕ ਹਮਲਾ ਕਰਦੀ ਹੈ । ਇਸ ਦੀ ਰੋਕਥਾਮ ਲਈ ਛਿੜਕਾਅ ਉਦੋਂ ਕਰੋ ਜਦੋਂ 20-30 ਪ੍ਰਤੀਸ਼ਤ ਬੂਟਿਆਂ ਦੀਆਂ ਲਗਰਾਂ ਇਸ ਸੁੰਡੀ ਦੇ ਹਮਲੇ ਨਾਲ ਕੁਮਲਾਅ ਜਾਣ । ਛਿੜਕਾਅ ਲਈ 100-125 ਲੀਟਰ ਪਾਣੀ ਵਿੱਚ 100 ਮਿਲੀਲੀਟਰ ਸੁਮੀਸੀਡਨ 20 ਈ ਸੀ ਜਾਂ 160 ਮਿਲੀਲੀਟਰ ਡੈਸਿਸ 2.8 ਈ ਸੀ ਨੂੰ ਪ੍ਰਤੀ ਏਕੜ ਲਈ ਵਰਤੋਂ । ਇਸ ਤੋਂ ਇਲਾਵਾ ਲਾਲ ਮਕੌੜਾ ਜੂੰ ਦੇ ਹਮਲੇ ਦੇ ਰੋਕਥਾਮ ਲਈ 1600 ਮਿਲੀਲਿਟਰ ਧਰੇਕ ਦਾ ਘੋਲ ਜਾਂ 150 ਮਿਲੀਲਿਟਰ ਓਬਰੇਨ 22.9 ਐਸ ਸੀ (ਸਪਾਈਰੋਮੈਸੀਫਿਨ) ਦਾ ਛਿੜਕਾਅ 100 ਲਿਟਰ ਪਾਣੀ ਦੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।

ਬੈਂਗਣ : ਤੇਲਾ ਅਤੇ ਹੱਡਾ ਭੂੰਡੀ ਪੱਤਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ, ਤੇਲੇ ਨਾਲ ਪੱਤੇ ਪੀਲੇ ਤੋਂ ਤਾਂਬੇ ਰੰਗੇ ਅਤੇ ਹੱਡਾ ਭੂੰਡੀ ਕਰਕੇ ਪੱਤੀਆਂ ਦੇ ਪਿੰਜਰ ਬਣ ਜਾਂਦੇ ਹਨ । ਇਸ ਦੀ ਸਰਵਪੱਖੀ ਰੋਕਥਾਮ ਲਈ ਹੱਡਾ ਭੂੰਡੀ ਦੇ ਅੰਡੇ ਦੇ ਗੁੱਛਿਆਂ ਜਾਂ ਝੁੰਡਾਂ ਵਿੱਚ ਖਾ ਰਹੇ ਛੋਟੇ ਬੱਚਿਆਂ ਅਤੇ ਬਾਲਗਾਂ ਵਾਲੇ ਪੱਤਿਆਂ ਨੂੰ ਤੋੜ ਕੇ ਨਸ਼ਟ ਕਰ ਦਿਓ ਅਤੇ ਨਾਈਟ੍ਰੋਜਨ ਖਾਦ ਸਿਫ਼ਾਰਸ਼ ਕੀਤੀ ਮਾਤਰਾ ਤੋਂ ਵੱਧ ਨਾ ਪਾਓ ਕਿਉਂਕਿ ਜ਼ਿਆਦਾ ਖਾਦ ਪਾਉਣ ਨਾਲ ਤੇਲੇ ਦੇ ਹਮਲੇ ਵਿੱਚ ਵਾਧਾ ਹੁੰਦਾ ਹੈ । ਬੈਂਗਣ ਦੇ ਫਲ ਅਤੇ ਲਗਰਾਂ ਵਿੱਚ ਮੋਰੀਆਂ ਕਰਨ ਵਾਲੀ ਸੁੰਡੀ ਦੀ ਰੋਕਥਾਮ ਲਈ, ਜਿਉਂ ਹੀ ਕੀੜੇ ਦਾ ਹਮਲਾ ਹੋਵੇ ਸੁੱਕੀ ਹੋਈਆਂ ਲਗਰਾਂ ਦੇ ਕਾਣੇ ਫਲਾਂ ਨੂੰ ਨਸ਼ਟ ਕਰ ਦਿਓ ਅਤੇ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ 3-4 ਵਾਰੀ 14 ਦਿਨਾਂ ਦੇ ਵਕਫੇ ਨਾਲ 80 ਮਿਲੀਲਿਟਰ

ਕੋਰਾਜ਼ਨ ਜਾਂ 80 ਗ੍ਰਾਮ ਪ੍ਰੋਕਲੇਮ ਜਾਂ 100 ਮਿਲੀਲਿਟਰ ਸੁਮੀਸੀਡੀਨ ਜਾਂ 160 ਮਿਲੀਲਿਟਰ ਡੈਸਿਸ ਦੀ ਵਰਤੋਂ ਕਰੋ ।

ਬਰਸਾਤ ਦੇ ਮੌਸਮ ਲਈ ਸਰਵਪੱਖੀ ਅਭਿਆਸ

★ **ਕਲਚਰਲ** : ਸਿਹਤਮੰਦ ਬੂਟੇ, ਸਹੀ ਵਿੱਥ, ਸੰਤੁਲਿਤ ਖਾਦਾਂ ਦੀ ਵਰਤੋਂ ਕਰੋ, ਅਤੇ ਵਧੂ ਨਾਈਟ੍ਰੋਜਨ ਤੋਂ ਬਚੋ । ਫ਼ਸਲ ਦੀ ਰਹਿੰਦ-ਖੂੰਹਦ ਨੂੰ ਹਟਾਓ ਅਤੇ ਰੇਟੂਨਿੰਗ ਤੋਂ ਬਚੋ ।

★ **ਮਕੈਨੀਕਲ** : ਲਾਗ ਵਾਲੇ ਹਿੱਸਿਆਂ ਨੂੰ ਅਤੇ ਨਦੀਨਾਂ ਨੂੰ ਨਸ਼ਟ ਕਰੋ ।

★ **ਜੀਵ-ਵਿਗਿਆਨਕ/ਨਿੰਮ-ਆਧਾਰਿਤ** : ਕੀੜਿਆਂ ਦੀ ਸ਼ੁਰੂਆਤ 'ਤੇ ਪੀ.ਏ.ਯੂ. ਦੇ ਘਰੇਲੂ ਬਣੇ ਨਿੰਮ ਦੇ ਘੋਲ (4 ਕਿੱਲੋ ਨਿੰਮ ਦੀਆਂ ਕਣਾਂ ਨੂੰ 10 ਲੀਟਰ ਪਾਣੀ ਵਿੱਚ ਉਬਾਲੋ, ਫਿਲਟਰ ਕਰੋ) ਨੂੰ ਤਰਜੀਹ ਦਿਓ । ਜਿੱਥੇ ਲਾਗੂ ਹੋਵੇ, ਟ੍ਰਾਈਕੋ-ਕਾਰਡ ਦੀ ਵਰਤੋਂ ਕਰੋ ।

★ **ਨਿਗਰਾਨੀ ਅਤੇ ਜ਼ਹਿਰਾਂ ਦੀ ਵਰਤੋਂ** : ਆਰਥਿਕ ਕਾਗਾਰ (ETL) ਲਈ ਨਿਯਮਤ ਤੌਰ 'ਤੇ ਸਕਾਊਟ ਕਰੋ । ਸਿਫ਼ਾਰਸ਼ ਕੀਤੀਆਂ ਕੀਟਨਾਸ਼ਕਾਂ ਨੂੰ ਸਮਝਦਾਰੀ ਨਾਲ ਵਰਤੋਂ, ਕੀੜਿਆਂ ਦੀ ਰੋਧਕਤਾ ਨੂੰ ਰੋਕਣ ਲਈ ਜ਼ਹਿਰਾਂ ਦੇ ਸਮੂਹਾਂ ਨੂੰ ਘੁੰਮਾਓ, ਅਤੇ ਉਡੀਕ ਸਮੇਂ ਦੀ ਪਾਲਣਾ ਕਰੋ ।

★ **ਸਵੱਛਤਾ** : ਕੀੜਿਆਂ ਦੇ ਚੱਕਰ ਨੂੰ ਤੋੜਨ ਲਈ ਸੰਕਰਮਿਤ ਪੌਦਿਆਂ ਦੀ ਸਮੱਗਰੀ ਨੂੰ ਨਸ਼ਟ ਕਰੋ ਅਤੇ ਖੇਤ ਦੀ ਸਫਾਈ ਬਣਾਈ ਰੱਖੋ ।

ਨੀਲੀ ਜਲ ਕੁਕੜੀ ਅਤੇ ਖੇਤੀਬਾੜੀ ਫ਼ਸਲਾਂ ਵਿੱਚ ਇਸ ਦਾ ਪ੍ਰਬੰਧਨ

ਨੀਲੀ ਜਲ ਕੁਕੜੀ (ਪਰਪਲ ਮੁਰਹੇਨ/ਪੋਰਫਾਈਰੀਓ) ਆਮ ਤੌਰ 'ਤੇ ਦਰਮਿਆਨੇ ਅਤੇ ਵੱਡੇ ਪਾਣੀ ਦੀ ਸਰੋਤਾਂ, ਛੱਪੜ, ਦਲਦਲੀ ਖੇਤਰਾਂ ਅਤੇ ਇਹਨਾਂ ਦੇ ਆਲੇ-ਦੁਆਲੇ ਦੀ ਨੇੜਲੀਆਂ ਥਾਵਾਂ 'ਤੇ ਪਾਈ ਜਾਂਦੀ ਹੈ । ਨੀਲੀ ਜਲ ਕੁਕੜੀ ਜੰਗਲੀ ਜੀਵ ਸੁਰੱਖਿਆ ਐਕਟ (1972) ਦੇ ਅਧੀਨ ਸੁਰੱਖਿਅਤ ਹੈ ।

ਰੂਪ ਅਤੇ ਆਕਾਰ : ਨੀਲੀ ਜਲ ਕੁਕੜੀ ਲਗਭਗ 45-50 ਸੈਂਟੀਮੀਟਰ ਦੇ ਆਕਾਰ ਦੀ ਹੁੰਦੀ ਹੈ । ਨੀਲੀ ਜਲ ਕੁਕੜੀ ਦੇ ਖੰਭ ਨੀਲੇ-ਜਾਮਨੀ, ਲਾਲ ਚੁੰਝ ਅਤੇ ਲੰਮੀਆਂ ਲਾਲ ਲੱਤਾਂ ਇਸ ਦੀ ਪਛਾਣ ਹਨ । ਇਸ ਦੀ ਪੂਛ ਕਾਲੀ ਅਤੇ ਹਰੇ ਚਮਕਦਾਰ ਰੰਗ ਦੀ ਹੁੰਦੀ ਹੈ ।

ਨਿਵਾਸ ਸਥਾਨ : ਨੀਲੀ ਜਲ ਕੁਕੜੀ ਆਮ ਤੌਰ 'ਤੇ ਝੀਲਾਂ, ਛੱਪੜ ਅਤੇ ਦਲਦਲਾਂ ਦੇ ਆਲੇ ਦੁਆਲੇ ਹੁੰਦੀ ਹੈ । ਇਹ ਆਮ ਤੌਰ 'ਤੇ 5-10 ਦੇ ਝੁੰਡਾਂ ਵਿੱਚ ਹੁੰਦੀਆਂ ਹਨ, ਹਾਲਾਂਕਿ ਕਈ ਵਾਰ ਇਹ 40-45 ਤੱਕ ਦੇ ਵੱਡੇ ਝੁੰਡਾਂ ਵਿੱਚ ਵੀ ਮਿਲਦੀਆਂ ਹਨ ।

ਪ੍ਰਜਨਨ ਸਮਾਂ : ਪੰਜਾਬ ਵਿੱਚ ਨੀਲੀ ਜਲ ਕੁਕੜੀ ਦਾ ਪ੍ਰਜਨਨ ਦਾ ਮੌਸਮ ਜੂਨ ਤੋਂ ਅਗਸਤ ਤੱਕ ਹੁੰਦਾ ਹੈ । ਇਸਦਾ ਆਲ੍ਹਣਾ ਪਾਣੀ ਦੇ ਪੱਧਰ ਤੋਂ ਥੋੜ੍ਹਾ ਉੱਪਰ, ਤਾਲਾਬ ਵਿੱਚ ਬਣਿਆ ਹੁੰਦਾ ਹੈ । ਇਹ ਆਲ੍ਹਣਾ ਆਪਸ ਵਿੱਚ ਬੁਣੇ ਹੋਏ ਕਾਨਿਆਂ ਦਾ ਬਣਿਆ ਹੁੰਦਾ ਹੈ ।

ਭੋਜਨ : ਇਹ ਮੁੱਖ ਤੌਰ 'ਤੇ ਘਾਹ, ਜਲ-ਨਦੀਨ ਅਤੇ ਉਨ੍ਹਾਂ ਦੇ ਬੀਜਾਂ 'ਤੇ ਨਿਰਭਰ ਕਰਦੇ ਹਨ । ਇਹ ਪਾਣੀ ਵਿੱਚ ਰਹਿਣ ਵਾਲੇ ਕੀੜੇ-ਮਕੌੜਿਆਂ ਨੂੰ ਵੀ ਖਾਂਦੇ ਹਨ ।

ਖੇਤੀਬਾੜੀ ਖੇਤਰ ਵਿੱਚ ਨੀਲੀ ਜਲ ਕੁਕੜੀ ਦਾ ਪ੍ਰਬੰਧਨ : ਛੱਪੜ ਦੇ ਨੇੜੇ ਖੇਤਾਂ ਵਿੱਚ ਨੀਲੀ ਜਲ ਕੁਕੜੀ/ਨੀਲੀ ਮੁਰਗਾਬੀ/ਸਲੇਟੀ-ਸਿਰ ਵਾਲੀ ਜਲ ਕੁਕੜੀ ਕਈ ਵਾਰ ਝੋਨੇ ਨੂੰ ਨੁਕਸਾਨ ਪਹੁੰਚਾਉਂਦੀ ਹੈ । ਵਾਤਾਵਰਣ ਅਨੁਕੂਲ ਅਤੇ ਸੁਰੱਖਿਅਤ ਤਰੀਕਿਆਂ ਦੀ ਵਰਤੋਂ ਕਰਕੇ ਇਹਨਾਂ ਦੇ ਨੁਕਸਾਨ ਨੂੰ ਘਟਾਇਆ ਜਾਂ ਰੋਕਿਆ ਜਾ ਸਕਦਾ ਹੈ ।

ਪ੍ਰਬੰਧਨ ਢੰਗ :

ਚਮਕੀਲਾ ਫੀਤਾ : ਪੰਛੀਆਂ ਦੇ ਨੁਕਸਾਨ ਨੂੰ ਘਟਾਉਣ ਲਈ, ਚਮਕੀਲੇ ਫੀਤੇ ਦੀ ਵਰਤੋਂ ਕੀਤੀ ਜਾ ਸਕਦੀ ਹੈ । ਇਹ ਇੱਕ ਪਾਸੇ ਲਾਲ ਰੰਗ ਦੀ ਧਾਤੂ ਪਰਤ ਅਤੇ ਦੂਜੇ ਪਾਸੇ ਚਾਂਦੀ ਰੰਗ ਦਾ, 1.5 ਸੈਂਟੀਮੀਟਰ ਚੌੜਾ ਅਤੇ ਪੋਲੀਸਟਰ ਦਾ ਬਣਿਆ ਹੁੰਦਾ ਹੈ । ਇਹ ਚਮਕੀਲਾ ਫੀਤਾ ਤਰਜੀਹੀ ਤੌਰ 'ਤੇ 15 ਤੋਂ 20 ਮੀਟਰ ਲੰਬੀਆਂ, ਉੱਤਰ-ਦੱਖਣ ਦਿਸ਼ਾ ਵਿੱਚ, ਜ਼ਮੀਨ ਤੋਂ 1 ਫੁੱਟ ਉੱਪਰ ਅਤੇ 3 ਮੀਟਰ ਦੇ ਅੰਤਰਾਲ 'ਤੇ ਬਾਂਸ ਦੀਆਂ ਸੋਟੀਆਂ ਦੀ ਵਰਤੋਂ ਕਰਕੇ ਫ਼ਸਲ ਦੇ ਖੇਤ ਵਿੱਚ ਸਮਾਨੰਤਰ ਲਗਾਇਆ ਜਾਂਦਾ ਹੈ । ਧੁੱਪ ਦੇ ਦੌਰਾਨ ਇਹ ਸੂਰਜ ਦੀ ਰੌਸ਼ਨੀ ਦਾ ਪ੍ਰਤੀਬਿੰਬ ਅਤੇ ਹਵਾ ਦੁਆਰਾ ਪੈਦਾ ਹੋਏ ਗੂੰਜਣ ਵਾਲੇ ਸ਼ੋਰ ਨਾਲ ਪੰਛੀ ਨੂੰ ਡਰਾਉਂਦਾ ਹੈ ।

ਪੰਛੀ ਦੇ ਰਿਹਾਇਸ਼ੀ ਖੇਤਰ ਦਾ ਪ੍ਰਬੰਧਨ : ਪੰਛੀ ਦੇ ਰਿਹਾਇਸ਼ੀ ਖੇਤਰ ਦਾ ਪ੍ਰਬੰਧਨ ਪੰਛੀਆਂ ਦੇ ਨੁਕਸਾਨ ਨੂੰ ਘਟਾਉਣ ਲਈ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ ਅਤੇ ਇਸਨੂੰ ਵੀ ਵਰਤਿਆ ਜਾਂਦਾ ਹੈ । ਇਸ ਵਿੱਚ ਪੰਛੀਆਂ ਦੇ ਰਹਿਣ ਵਾਲੇ ਖੇਤਰ ਦੇ ਆਲੇ ਦੁਆਲੇ ਜੰਗਲੀ ਬੂਟੀ ਦਾ ਪ੍ਰਬੰਧਨ, ਲੁਕੀਆਂ ਹੋਈਆਂ ਥਾਵਾਂ ਦੀ ਉਪਲਬਧਤਾ ਨੂੰ ਘਟਾਉਣਾ ਅਤੇ ਘਾਹ ਅਤੇ ਬਨਸਪਤੀ ਦਾ ਪ੍ਰਬੰਧਨ ਸ਼ਾਮਲ ਹਨ । ਇਸ ਦੇ ਨਤੀਜੇ ਵਜੋਂ ਪੰਛੀ ਖੇਤਰ ਨੂੰ ਛੱਡ ਕੇ ਕਿਸੇ ਹੋਰ ਢੁਕਵੇਂ ਖੇਤਰ 'ਤੇ ਚਲੇ ਜਾਂਦੇ ਹਨ । ਛੱਪੜਾਂ ਵਿੱਚੋਂ ਜਲ-ਨਦੀਨਾਂ ਜਿਵੇਂ ਜਲ-ਕੁੰਭੀ ਨੂੰ ਸਾਫ਼ ਕਰਨਾ ਚਾਹੀਦਾ ਹੈ । ਛੱਪੜਾਂ ਦੇ ਆਲੇ ਦੁਆਲੇ ਕੁਦਰਤੀ ਬਨਸਪਤੀ ਹੋਣੀ ਚਾਹੀਦੀ ਹੈ ਜੋ ਇਨ੍ਹਾਂ ਜਲ ਪੰਛੀਆਂ ਨੂੰ ਚਾਰਾ ਅਤੇ ਭੋਜਨ ਦੇਣ ਵਾਲੀ ਸਮੱਗਰੀ ਪ੍ਰਦਾਨ ਕਰਦੇ ਹਨ ।

ਪਲਾਸਟਿਕ ਦੇ ਜਾਲ (ਪੋਲੀਨੈੱਟ) ਦੀ ਵਰਤੋਂ : ਪਲਾਸਟਿਕ ਦੇ ਜਾਲ ਦੀ ਖੇਤਾਂ ਅਤੇ ਜਲ ਸਰੋਤਾਂ ਦੇ ਆਲੇ ਦੁਆਲੇ ਵਰਤੋਂ ਕੀਤੀ ਜਾ ਸਕਦੀ ਹੈ । ਇਹ ਤਰੀਕਾ ਨੀਲੀ ਜਲ ਕੁਕੜੀ ਕਾਰਨ ਫ਼ਸਲਾਂ ਦੇ ਨੁਕਸਾਨ ਦੇ ਪ੍ਰਬੰਧਨ ਲਈ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾ ਸਕਦਾ ਹੈ ।

ਖੇਤ ਦੇ ਆਲੇ ਦੁਆਲੇ ਵਾਣ ਦੀ ਰੱਸੀ ਦੀ ਵਰਤੋਂ : ਝੋਨੇ ਦੀ ਲੁਆਈ ਤੋਂ ਬਾਅਦ ਖੇਤ ਦੇ ਦੁਆਲੇ ਵਾਣ ਦੀ ਰੱਸੀ ਨੂੰ ਬਾਂਸ ਦੀਆਂ ਸੋਟੀਆਂ ਦੀ ਵਰਤੋਂ ਕਰਕੇ ਨਿਯਮਤ ਅੰਤਰਾਲਾਂ 'ਤੇ ਪੂਰੀ ਫ਼ਸਲ ਵਿੱਚ 30×30 ਸੈਂਟੀਮੀਟਰ ਅਤੇ ਜ਼ਮੀਨ ਤੋਂ 1 ਫੁੱਟ ਉੱਚੇ ਵਰਗਾਕਾਰ ਖਾਨੇ ਬਣਾ ਕੇ ਖੇਤਾਂ ਵਿੱਚ ਪੰਛੀਆਂ ਦੇ ਦਾਖਲੇ ਨੂੰ ਰੋਕਿਆ ਜਾ ਸਕਦਾ ਹੈ । ਇਹ ਤਕਨੀਕ ਵੀ ਕਾਰਗਰ ਸਾਬਤ ਹੁੰਦੀ ਹੈ ਅਤੇ ਇਸ ਦੀ ਵਰਤੋਂ ਕਰਕੇ ਫ਼ਸਲਾਂ ਦੇ ਨੁਕਸਾਨ ਨੂੰ ਘਟਾਇਆ ਜਾ ਸਕਦਾ ਹੈ । ਇਸ ਤਕਨੀਕ ਦੀ ਵਰਤੋਂ ਕਰਕੇ ਝੋਨੇ ਨੂੰ ਨੀਲੀ ਜਲ ਕੁਕੜੀ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ । ਨੀਲੀ ਜਲ ਕੁਕੜੀ ਦਾ ਪ੍ਰਬੰਧਨ ਕਰਨ ਲਈ ਚਮਕੀਲਾ ਫੀਤਾ ਅਤੇ ਵਾਣ ਦੀਆਂ ਰੱਸੀਆਂ ਵਰਗੇ ਵਧੀਆ ਤਰੀਕੇ ਵਾਤਾਵਰਣ ਅਨੁਕੂਲ ਹਨ ਅਤੇ ਛੱਪੜਾਂ ਦੇ ਆਲੇ ਦੁਆਲੇ ਕੁਦਰਤੀ ਰਿਹਾਇਸ਼ ਪ੍ਰਬੰਧਨ ਲੰਬੇ ਸਮੇਂ ਲਈ ਵਧੇਰੇ ਲਾਭਦਾਇਕ ਸਾਬਤ ਹੁੰਦੇ ਹਨ ।

ਤੇਜਦੀਪ ਕੌਰ ਕਲੇਰ ਅਤੇ ਰਾਜਵਿੰਦਰ ਸਿੰਘ, ਜ਼ੂਆਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋਬਾਇਲ : 98559-65904)

ਫਲ ਅਤੇ ਸਬਜ਼ੀਆਂ ਦੀ ਘਰੇਲੂ ਬਗੀਚੀ ਦੀ ਮਹੱਤਤਾ ਅਤੇ ਲੋੜ

ਅੰਬ, ਲੀਚੀ, ਜਾਮੁਨ, ਸਪੋਟਾ ਆਦਿ ਬਹੁਤ ਉੱਚੇ ਰੁੱਖਾਂ ਨੂੰ ਘਰੇਲੂ ਬਗੀਚੀ ਦੇ ਉੱਤਰੀ ਹਿੱਸੇ ਵਿੱਚ ਲਗਾਉਣਾ ਚਾਹੀਦਾ ਹੈ। ਨਿੰਬੂ ਜਾਤੀ ਦੇ ਫਲ ਅਤੇ ਅਮਰੂਦ ਦੇ ਬੂਟੇ ਅੰਦਰਲੇ ਹਿੱਸੇ ਵਿਚ ਲਗਾਏ ਜਾ ਸਕਦੇ ਹਨ ਅਤੇ ਦੱਖਣ-ਪੂਰਬੀ ਹਿੱਸੇ ਵਿਚ ਸੇਬ, ਨਾਸ਼ਪਾਤੀ, ਆੜੂ ਅਤੇ ਅਨਾਰ ਆਦਿ ਪਤਝੜ ਵਾਲੇ ਫਲਾਂ ਦੇ ਰੁੱਖ ਲਗਾਏ ਜਾ ਸਕਦੇ ਹਨ। ਪਪੀਤੇ ਅਤੇ ਕੇਲੇ ਦੀ ਕਾਸ਼ਤ ਦੱਖਣੀ ਪਾਸੇ ਆਖਰੀ ਕਤਾਰ ਵਿਚ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਪੌਸ਼ਟਿਕ ਬਗੀਚੀ ਦੀ ਸਥਾਪਨਾ ਤੋਂ ਪਹਿਲਾਂ ਹਮੇਸ਼ਾ ਫਲਾਂ ਦੇ ਪੌਦਿਆਂ ਦੀਆਂ ਕਿਸਮਾਂ ਦੀ ਚੋਣ ਅਤੇ ਲਾਉਣ ਦੇ ਸਮੇਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ।

ਦਿਲਪ੍ਰੀਤ ਸਿੰਘ, ਮਨਵੀਨ ਕੌਰ ਅਤੇ ਕੁਲਬੀਰ ਸਿੰਘ,
ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋ. 95927-72123)

ਪੌਸ਼ਟਿਕ ਬਗੀਚੀ ਲਈ ਮਹੱਤਵਪੂਰਨ ਪਹਿਲੂ ਸਹੀ ਫਲਾਂ ਦੇ ਪੌਦਿਆਂ ਦੀਆਂ ਵੱਖ-ਵੱਖ ਕਿਸਮਾਂ ਦੀ ਚੋਣ ਅਤੇ ਸਹੀ ਜਗ੍ਹਾ ਤੇ ਲਗਾਉਣਾ ਹੈ। ਇਸ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਫਲਾਂ

ਦੇ ਪੌਸ਼ਟਿਕ ਬਾਗ ਦਾ ਮਾਡਲ ਤਿਆਰ ਕੀਤਾ ਗਿਆ ਹੈ। ਇਸ ਮਾਡਲ ਰਾਹੀਂ, 625 ਵਰਗ ਮੀਟਰ (25m×25m) ਦੇ ਖੇਤਰ ਵਿਚ 22 ਵੱਖ-ਵੱਖ ਕਿਸਮਾਂ ਦੇ ਫਲਾਂ ਦੇ ਰੁੱਖ ਉਗਾਏ ਜਾਂਦੇ ਹਨ। ਅੰਬ, ਲੀਚੀ, ਜਾਮੁਨ, ਸਪੋਟਾ ਆਦਿ ਬਹੁਤ ਉੱਚੇ ਰੁੱਖਾਂ ਨੂੰ ਘਰੇਲੂ ਬਗੀਚੀ ਦੇ ਉੱਤਰੀ ਹਿੱਸੇ ਵਿੱਚ ਲਗਾਉਣਾ ਚਾਹੀਦਾ ਹੈ। ਨਿੰਬੂ ਜਾਤੀ ਦੇ ਫਲ ਅਤੇ ਅਮਰੂਦ ਦੇ ਬੂਟੇ ਅੰਦਰਲੇ ਹਿੱਸੇ ਵਿਚ ਲਗਾਏ ਜਾ ਸਕਦੇ ਹਨ ਅਤੇ ਦੱਖਣ-ਪੂਰਬੀ ਹਿੱਸੇ ਵਿਚ ਸੇਬ, ਨਾਸ਼ਪਾਤੀ, ਆੜੂ ਅਤੇ ਅਨਾਰ ਆਦਿ ਪਤਝੜ ਵਾਲੇ ਫਲਾਂ ਦੇ ਰੁੱਖ ਲਗਾਏ ਜਾ ਸਕਦੇ ਹਨ। ਪਪੀਤੇ ਅਤੇ ਕੇਲੇ ਦੀ ਕਾਸ਼ਤ ਦੱਖਣੀ ਪਾਸੇ ਆਖਰੀ ਕਤਾਰ ਵਿਚ ਕੀਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਪੌਸ਼ਟਿਕ ਬਗੀਚੀ ਦੀ ਸਥਾਪਨਾ ਤੋਂ ਪਹਿਲਾਂ ਹਮੇਸ਼ਾ ਫਲਾਂ ਦੇ ਪੌਦਿਆਂ ਦੀਆਂ ਕਿਸਮਾਂ ਦੀ ਚੋਣ ਅਤੇ ਲਾਉਣ ਦੇ ਸਮੇਂ ਨੂੰ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਬਾਗ ਦੀ ਮੁੱਢਲੀ ਸਾਂਭ-ਸੰਭਾਲ, ਸਿਖਲਾਈ ਦੀ ਛਾਂਟੀ, ਖਾਦ ਦੀ ਵਰਤੋਂ, ਪਾਣੀ ਲਗਾਉਣਾ, ਕੀੜੇ-ਮਕੌੜੇ ਪ੍ਰਬੰਧਨ ਅਤੇ ਕਟਾਈ ਲਈ ਸਿਫਾਰਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਸਦਾਬਹਾਰ ਫਲਾਂ ਵਾਲੇ ਪੌਦੇ ਜਿਵੇਂ ਕਿ ਨਿੰਬੂ ਜਾਤੀ ਦੇ ਪੌਦੇ, ਅੰਬ ਅਤੇ ਅਮਰੂਦ ਲੀਚੀ ਲਗਾਉਣ ਦਾ ਸਹੀ ਸਮਾਂ ਅਗਸਤ-ਸਤੰਬਰ ਤੇ ਫਰਵਰੀ-ਮਾਰਚ ਹੈ, ਪਤਝੜ ਵਾਲੇ ਫਲਾਂ ਵਾਲੇ ਰੁੱਖ ਸਰਦੀਆਂ ਵਿਚ ਲਗਾਏ ਜਾਂਦੇ ਹਨ, ਜਦੋਂ ਉਹ ਸੁਸਤ ਅਵਸਥਾ ਵਿਚ ਹੁੰਦੇ ਹਨ। ਇਹ ਪੌਦੇ ਨਵੇਂ ਫੁੱਲ ਸ਼ੁਰੂ ਹੋਣ ਤੋਂ ਪਹਿਲਾਂ ਜਨਵਰੀ ਦੇ ਅੱਧ ਤੱਕ ਲਗਾਏ ਜਾਣੇ ਚਾਹੀਦੇ ਹਨ, ਜਿਵੇਂ ਕਿ ਆੜੂ, ਬੇਰ ਅਤੇ ਨਾਸ਼ਪਾਤੀ ਨੂੰ ਅੱਧ ਫਰਵਰੀ ਤੱਕ ਲਗਾਇਆ ਜਾਂਦਾ ਹੈ। ਪੌਸ਼ਟਿਕ ਬਗੀਚੇ ਵਿਚ ਬੂਟੇ ਲਗਾਉਣ ਤੋਂ ਪਹਿਲਾਂ ਹਰੇਕ ਪੌਦੇ ਲਈ ਇਕ ਮੀਟਰ ਡੂੰਘੇ ਅਤੇ ਇੱਕ ਮੀਟਰ ਚੌੜੇ ਟੋਏ ਪੁੱਟੋ। ਇਨ੍ਹਾਂ ਟੋਇਆਂ ਵਿਚ ਉੱਪਰਲੀ ਮਿੱਟੀ ਅਤੇ ਰੂੜੀ ਬਰਾਬਰ ਮਾਤਰਾ ਵਿਚ ਪਾਓ। ਇਸ ਤੋਂ ਇਲਾਵਾ, ਪੌਸ਼ਟਿਕ ਬਾਗ ਵਿਚ ਜੈਵਿਕ ਤਰੀਕਿਆਂ ਦੀ ਵਰਤੋਂ ਕਰੋ ਜਿਵੇਂ ਕਿ ਨਦੀਨਾਂ ਤੋਂ ਬਚਾਅ ਲਈ ਮਲਚ ਅਤੇ ਤੂੜੀ/ਘਾਹ ਦੀ ਵਰਤੋਂ, ਖੇਤ ਦੇ ਲਈ ਰੂੜੀ ਖਾਦ, ਕੀੜੇ-ਮਕੌੜਿਆਂ ਦੀ ਰੋਕਥਾਮ ਫਰੂਟ ਫਲਾਈ ਟਰੈਪ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ।

ਲ.ਨੰ.	ਫਲ ਦਾ ਨਾਮ	ਸਿਫਾਰਸ਼ ਕਿਸਮਾਂ
1.	ਆਂਵਲਾ	ਨੀਲਮ
2.	ਬਿੱਲ	ਕਾਗਜ਼ੀ
3.	ਕੇਲਾ	ਗਰੈਂਡ ਨੈਨ
4.	ਬੇਰ	ਸਨੌਰ-2
5.	ਮਾਲਟਾ	ਬਲੱਡ ਰੈੱਡ, ਮੁਸੰਮੀ
6.	ਅੰਜੀਰ	ਬਰਾਊਨ ਟਰਕੀ
7.	ਚਕੋਤਰਾ	ਸਟਾਰਰੂਬੀ
8.	ਅਮਰੂਦ	ਸ਼ਵੇਤਾ, ਪੰਜਾਬ ਕਿਰਨ, ਪੰਜਾਬ ਐਪਲ ਅਮਰੂਦ
9.	ਜਾਮੁਨ	ਗੋਮਾ ਪ੍ਰਿੰਯਕਾ ਅਤੇ ਕੋਕਲ ਬਹਾਦੁਲੀ
10.	ਕਰੌਂਦਾ	ਲੋਕਲ
11.	ਨਿੰਬੂ	ਪੰਜਾਬ ਬਾਰਾਮਾਸੀ ਨਿੰਬੂ/ਕਾਗਜ਼ੀ
12.	ਅਨਾਜ	ਭਗਵਾ
13.	ਲੀਚੀ	ਦੇਹਰਾਦੂਨ
14.	ਲੁਕਾਠ	ਗੋਲਡਨ ਯੈਲੋ
15.	ਅੰਬ	ਅਮਰਪਾਲੀ, ਗੰਗੀਆਂ ਸੰਧੂਰੀ
16.	ਚੀਕੂ	ਕਾਲੀਪੱਤੀ
17.	ਪਪੀਤਾ	ਰੈੱਡ ਲੇਡੀ 786
18.	ਸੇਬ	ਡੋਰਸੇਟ ਗੋਲਡਨ ਅਤੇ ਅੰਨਾ
19.	ਆੜੂ	ਸ਼ਾਨੇ-ਪੰਜਾਬ
20.	ਫਾਲਸਾ	ਲੋਕਲ
21.	ਅਲੂਚਾ	ਸਤਲੁਜ ਪਰਪਲ, ਕਾਲਾ ਅੰਮ੍ਰਿਤਸਰੀ

ਇਸੇ ਤਰ੍ਹਾਂ ਹੀ ਪੌਸ਼ਟਿਕ ਵੈਜੀਟੇਬਲ ਗਾਰਡਨ ਲਈ ਮੁੱਖ ਮਹੱਤਵਪੂਰਨ ਪਹਿਲੂ ਪਾਣੀ ਦੇ ਸਰੋਤ ਦੇ ਨੇੜੇ ਇਕ ਧੁੱਪ ਵਾਲੀ ਥਾਂ ਦੀ ਚੋਣ ਕਰਨਾ ਹੈ, ਤਰਜੀਹੀ ਤੌਰ 'ਤੇ ਵਿਹੜੇ ਵਿਚ, ਤਾਂ ਜੋ ਪਰਿਵਾਰ ਆਪਣੇ ਵਿਹਲੇ ਸਮੇਂ ਵਿਚ ਆਸਾਨੀ ਨਾਲ ਬਾਗ ਵੱਲ ਧਿਆਨ ਦੇ ਸਕੇ। ਕੀਟਨਾਸ਼ਕਾਂ ਦੀ ਵਰਤੋਂ ਨੂੰ ਘਟਾਉਣ ਅਤੇ ਬੀਜਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਲਈ ਸਿਹਤ ਮੰਦ, ਰੋਗ ਮੁਕਤ ਬੀਜਾਂ ਦੀ ਵਰਤੋਂ ਕਰੋ ਅਤੇ ਰੋਧਕ ਕਿਸਮਾਂ ਉਗਾਓ। ਕੀੜਿਆਂ ਦੇ ਪ੍ਰਬੰਧਨ, ਮਿੱਟੀ ਨੂੰ ਸੁਧਾਰਨ ਅਤੇ ਸਬਜ਼ੀਆਂ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਉਣ ਲਈ ਹਰ ਸਾਲ ਇੱਕੋ ਜ਼ਮੀਨ 'ਤੇ ਤਿੰਨ ਵੱਖ-ਵੱਖ ਸਬਜ਼ੀਆਂ ਉਗਾਈਆਂ ਜਾ ਸਕਦੀਆਂ ਹਨ। ਮਿੱਟੀ ਨੂੰ ਡੂੰਘਾ ਵਾਹ ਕੇ ਨਦੀਨਾਂ ਹਟਾਉਣ ਦੇ ਨਾਲ ਨਾਲ ਖਾਦ ਪਾ ਕੇ ਮਿੱਟੀ ਤਿਆਰ ਕਰੋ ਅਤੇ ਲੋੜ ਪੈਣ ਤੇ ਰਸਾਇਣਕ ਖਾਦਾਂ ਦੀ ਵਰਤੋਂ ਕਰ ਸਕਦੇ ਹਾਂ। ਬਰਸਾਤ ਦੇ ਮੌਸਮ ਲਈ ਉੱਚੇ ਬੈੱਡ ਅਤੇ ਸਰਦੀਆਂ ਅਤੇ ਗਰਮੀਆਂ ਲਈ ਫਲੈਟ ਬੈੱਡ ਤਿਆਰ ਕਰੋ। ਪਾਲਕ, ਪਿਆਜ਼ ਅਤੇ ਲਸਣ ਵਰਗੀਆਂ ਸਬਜ਼ੀਆਂ ਨਾਲੋਂ ਕੱਦੂ ਜਾਤੀ ਦੀਆਂ ਸਬਜ਼ੀਆਂ, ਟਮਾਟਰ, ਮਿਰਚ ਅਤੇ ਬੈਂਗਣ ਨੂੰ ਪੌਦਿਆਂ ਦੇ ਵਿਚਕਾਰ ਵਧੇਰੇ ਫਾਸਲੇ ਦੀ ਲੋੜ ਹੁੰਦੀ ਹੈ, ਜੋ ਲਗਾਤਾਰ ਵਾਢੀ ਲਈ ਅੰਤਰਾਲਾਂ 'ਤੇ ਬੀਜੀ ਜਾਣੀ ਚਾਹੀਦੀ ਹੈ। ਕਮਜ਼ੋਰ

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 I 9216103075 I 9216103069

ਤਣੇ ਵਾਲੀਆਂ ਫਸਲਾਂ ਜਿਵੇਂ ਕਿ ਟਮਾਟਰ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਨੂੰ ਵਧੀਆ ਫਲਾਂ ਦੀ ਗੁਣਵੱਤਾ ਲਈ ਸਹਾਰੇ ਦੀ ਲੋੜ ਹੁੰਦੀ ਹੈ। ਸਬਜ਼ੀਆਂ ਦੇ ਸ਼ੁਰੂਆਤੀ ਵਾਧੇ ਸਮੇਂ ਹੱਥੀ ਨਦੀਨਾਂ ਨੂੰ ਪੁੱਟ ਕੇ ਖੇਤ ਨੂੰ ਨਦੀਨਾਂ ਤੋਂ ਮੁਕਤ ਰੱਖੋ, ਬਾਅਦ ਵਿਚ ਨਦੀਨਾਂ ਨੂੰ ਰੋਕਣ ਲਈ ਫਸਲਾਂ ਦਾ ਵਾਧਾ ਸਮਰੱਥ ਹੋ ਜਾਂਦਾ ਹੈ। ਕੀੜੇ ਮਕੌੜਿਆਂ ਦੇ ਪ੍ਰਭਾਵ ਹੇਠ ਆਏ ਬੂਟਿਆਂ ਨੂੰ ਪੁੱਟ ਕੇ ਦੱਬ ਦਿਓ ਅਤੇ ਰਸ ਚੂਸਣ ਬਾਰੇ ਕੀੜਿਆਂ ਨੂੰ ਪਾਣੀ ਦੇ ਤੇਜ਼ ਸਪਰੇ ਨਾਲ ਘੱਟ ਕੀਤਾ ਜਾ ਸਕਦਾ ਹੈ। ਲੋੜ ਪੈਣ 'ਤੇ ਨਿੰਮ ਘੋਲ ਦੇ ਦੁਆਰਾ ਕੀਟਨਾਸ਼ਕਾਂ ਦੀ ਵਰਤੋਂ ਘੱਟ ਤੋਂ ਘੱਟ ਕਰੋ। ਪੱਤੇਦਾਰ ਸਬਜ਼ੀਆਂ ਨੂੰ ਨਿਯਮਿਤ ਤੌਰ 'ਤੇ ਕੱਟਿਆ ਜਾਂਦਾ ਹੈ ਕਿਉਂਕਿ ਉਹ ਵਧਦੀਆਂ ਰਹਿੰਦੀਆਂ ਹਨ, ਇਹ ਯਕੀਨੀ ਬਣਾਉ ਕਿ ਵਧ ਰਹੀ ਟਿਪ ਨੂੰ ਨੁਕਸਾਨ ਨਾ ਹੋਵੇ। ਟਮਾਟਰ ਜਿਸ ਸਮੇਂ ਪੂਰੀ ਤਰ੍ਹਾਂ ਲਾਲ ਅਤੇ ਨਰਮ ਹੋ ਜਾਣ ਤੋੜ ਲੈਣੇ ਚਾਹੀਦੇ ਹਨ। ਸਬਜ਼ੀਆਂ ਜਿਵੇਂ ਕਿ ਕੱਦੂ ਜਾਤੀ ਦੀਆਂ

ਪੌਸ਼ਟਿਕ ਸਬਜ਼ੀ ਬਗੀਚੀ ਲਈ ਸਿਫਾਰਸ਼ ਕੀਤੀ ਗਈਆਂ ਸਬਜ਼ੀਆਂ	
ਸਬਜ਼ੀ	ਕਤਾਰਾਂ ਅਤੇ ਪੌਦਿਆਂ ਵਿਚ-ਕਾਰ ਦੂਰੀ (ਸੈਂ. ਮੀ.)
ਘੀਆ ਕੱਦੂ	80×45
ਪਿਆਜ਼	15×7.5
ਮੂਲੀ	45×7.5
ਲਸਣ	15×7.5
ਸਲਾਦ	45×30
ਕਰੇਲਾ	80×45
ਧਨੀਆ	15×10
ਬੈਂਗਣ	80×30
ਸੇਮਫਲੀ	45×30
ਸ਼ਲਗਮ	45×7.5
ਮਿਰਚ	60×45
ਘੀਆ ਤੋਰੀ	80×45
ਮੇਥੀ	15×10
ਚੁਲਾਈ	45×30
ਟੀਂਡਾ	80×45
ਪਾਲਕ	15×5
ਗਾਜਰ	45×7.5
ਲੋਬੀਆ	30×15
ਟਮਾਟਰ	80×30
ਪੁਦੀਨਾ	15×15
ਚੀਨੀਸਰ੍ਹੋਂ, ਪੱਤਾਗੋਭੀ	30×20/ 45×30
ਤਰ	80×30
ਕੈਂਗਕੌਂਗ	20×20
ਫੁੱਲ ਗੋਭੀ	45×30
ਸਰ੍ਹੋਂ ਦਾ ਸਾਗ	15×10
ਮਟਰ	30×7.5
ਭਿੰਡੀ	45×15
ਬਸੇਲਾ	20×20
ਘੀਆ ਕੱਦੂ	80×45
ਬਰੋਕਲੀ	45×30
ਖੀਰਾ	80×30
ਸ਼ਿਮਲਾ ਮਿਰਚ	60×30
ਚੱਪਣ ਕੱਦੂ	80×45

ਸਬਜ਼ੀਆਂ, ਭਿੰਡੀ ਅਤੇ ਮਟਰ ਹਰੇ ਅਤੇ ਨਰਮ ਹੋਣ 'ਤੇ ਕਟਾਈ ਕਰੋ। ਜੜ੍ਹ ਵਾਲੀਆਂ ਫਸਲਾਂ ਦੀ ਪੁਟਾਈ ਉਦੋਂ ਕੀਤੀ ਜਾਂਦੀ ਹੈ ਜਦੋਂ ਨਰਮ ਅਤੇ ਸਿਖਰ ਦੇ ਨੇੜੇ ਲਗਭਗ 3-4 ਸੈਂਟੀਮੀਟਰ ਮੋਟਾ ਹੁੰਦਾ ਹੈ। ਇੱਕ ਜਾਂ ਦੋ ਪੱਕੇ ਹੋਏ ਫਲਾਂ ਨੂੰ ਪੱਕਣ ਦਿਓ, ਉਹਨਾਂ ਦੇ ਬੀਜਾਂ ਨੂੰ ਇੱਕ ਜਾਂ ਦੋ ਦਿਨਾਂ ਲਈ ਛਾਂ ਵਿਚ ਰੱਖੋ ਅਤੇ ਸੁਕਾਓ, ਫਿਰ ਉਹਨਾਂ ਨੂੰ ਲੇਬਲ ਵਾਲੇ ਕਾਗਜ਼ ਦੇ ਥੈਲਿਆਂ ਵਿਚ ਇਕ ਠੰਡੀ, ਸੁੱਕੀ ਜਗ੍ਹਾ ਵਿਚ ਸਟੋਰ ਕਰੋ।

ਪੌਸ਼ਟਿਕ ਵੈਜੀਟੇਬਲ ਗਾਰਡਨ ਲਗਾਉਣ ਲਈ 200 ਰੁਪਏ ਦੀ ਬੀਜ ਕਿੱਟ 100 ਰੁਪਏ ਦੀ ਪਨੀਰੀ ਦੇ ਨਾਲ-ਨਾਲ 500 ਰੁਪਏ ਦੀਆਂ ਖਾਦਾਂ ਦੇ ਨਿਵੇਸ਼ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਨਾਲ ਪਰਿਵਾਰ ਦੇ ਮੈਂਬਰ ਹਰ ਹਫਤੇ ਪੰਜ ਤੋਂ ਛੇ ਘੰਟੇ ਸਬਜ਼ੀਆਂ ਦੀ ਸਾਂਭ-ਸੰਭਾਲ ਵਿਚ ਮਸਰੂਫ ਰਹਿੰਦੇ ਹਨ। ਪੌਸ਼ਟਿਕ ਵੈਜੀਟੇਬਲ ਗਾਰਡਨ ਦੀ ਚੰਗੀ ਤਰ੍ਹਾਂ ਦੇਖਭਾਲ ਕਰਨ ਨਾਲ ਵਧੇਰੇ ਸਬਜ਼ੀਆਂ ਮਿਲਦੀਆਂ ਹਨ, ਪਰਿਵਾਰਕ ਭੋਜਨ ਵਧਾਉਂਦਾ ਹੈ ਅਤੇ ਇਸ ਦੇ ਨਾਲ ਕਰਿਆਨੇ ਦੀਆਂ ਲਾਗਤਾਂ ਨੂੰ ਘੱਟ ਕਰਦਾ ਹੈ।

ਮੌਸਮੀ ਗੁਲਦਾਉਦੀ ਦੀ ਕਾਸ਼ਤ ਅਤੇ ਫੁੱਲਾਂ ਦੀ ਸਾਂਭ-ਸੰਭਾਲ

ਕੇ. ਕੇ. ਢੱਟ ਅਤੇ ਸ਼ਾਲਿਨੀ ਝਾਂਜੀ, ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋਬਾਇਲ 94634-13742)

ਮੌਸਮੀ ਗੁਲਦਾਉਦੀ ਭਾਰਤ ਵਿੱਚ ਬਿਨਾਂ ਡੰਡੀ ਤੋਂ ਵਪਾਰਕ ਪੱਧਰ ਤੇ ਉਗਾਏ ਜਾਣ ਵਾਲੇ ਫੁੱਲਾਂ ਵਿੱਚੋਂ ਇੱਕ ਅਹਿਮ ਫੁੱਲ ਹੈ। ਇਸਨੂੰ ਆਮ ਤੌਰ ਤੇ 'ਮੌਸਮੀ ਗੁਲਦਾਉਦੀ' ਜਾਂ 'ਮਾਲਾ ਗੁਲਦਾਉਦੀ' ਵਜੋਂ ਜਾਣਿਆ ਜਾਂਦਾ ਹੈ ਅਤੇ ਪੰਜਾਬ ਅਤੇ ਨਾਲ ਲੱਗਦੇ ਰਾਜਾਂ ਵਿੱਚ 'ਗੁਲਢਕ' ਵਰਗੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਦੇ ਫੁੱਲ ਜ਼ਿਆਦਾਤਰ ਕਰੀਮ ਤੋਂ ਚਿੱਟੇ ਅਤੇ ਪੀਲੇ ਰੰਗ ਦੇ ਹੁੰਦੇ ਹਨ। ਜਿਨ੍ਹਾਂ ਦੀ ਵਰਤੋਂ ਆਮ ਤੌਰ 'ਤੇ ਮਾਲਾ ਬਣਾਉਣ, ਵੇਨੀ, ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿੱਚ ਸਜਾਵਟ ਲਈ ਹੁੰਦੀ ਹੈ।

ਕਿਸਮਾਂ :

(ੳ) ਪੰਜਾਬ ਬਹਾਰ ਗੁਲਦਾਉਦੀ-1 : ਇਸਦੇ ਪੌਦੇ ਲੰਬੇ, ਪੱਤੇ ਗੂੜ੍ਹੇ ਹਰੇ ਅਤੇ ਫੁੱਲ ਕਰੀਮ ਰੰਗ

ਦੇ ਹਨ। ਇਸ ਕਿਸਮ ਨੂੰ ਤਕਰੀਬਨ 100-106 ਦਿਨਾਂ ਬਾਅਦ ਫੁੱਲ ਆਉਂਦਾ ਹੈ ਅਤੇ ਇਹ ਫੁੱਲ 2 ਮਹੀਨੇ ਤੱਕ ਖਿੜਦੇ ਰਹਿੰਦੇ ਹਨ। ਇਹ ਕਿਸਮ 80-90 ਕੁਇੰਟਲ/ਏਕੜ ਦੀ ਔਸਤ ਫੁੱਲ ਪੈਦਾਵਾਰ ਦੇ ਨਾਲ ਖੁੱਲ੍ਹੇ ਫੁੱਲ ਉਤਪਾਦਨ ਲਈ ਢੁਕਵੀਂ ਹੈ।

(ਅ) ਪੰਜਾਬ ਬਹਾਰ ਗੁਲਦਾਉਦੀ-2 : ਇਸਦੇ ਪੌਦੇ ਲੰਬੇ, ਪੱਤੇ ਗੂੜ੍ਹੇ ਹਰੇ ਅਤੇ ਫੁੱਲ ਪੀਲੇ ਰੰਗ ਦੇ ਹਨ। ਇਸਨੂੰ 58 ਦਿਨਾਂ ਦੀ ਫੁੱਲਣ ਦੀ ਮਿਆਦ ਦੇ ਨਾਲ ਫੁੱਲਣ ਵਿੱਚ ਲਗਭਗ 105 ਦਿਨ ਲੱਗਦੇ ਹਨ। ਇਹ ਕਿਸਮ 68-70 ਕੁਇੰਟਲ/ਏਕੜ ਦੀ ਔਸਤ ਫੁੱਲ ਪੈਦਾਵਾਰ ਦੇ ਨਾਲ ਖੁੱਲ੍ਹੇ ਫੁੱਲ ਉਤਪਾਦਨ ਲਈ ਢੁੱਕਵੀਂ ਹੈ।

ਜਲਵਾਯੂ ਅਤੇ ਮਿੱਟੀ

ਮੌਸਮੀ ਗੁਲਦਾਉਦੀ ਠੰਢੇ ਮੌਸਮ ਵਿੱਚ ਸਭ ਤੋਂ ਵਧੀਆ ਪ੍ਰਫੁੱਲਿਤ ਹੁੰਦੀ ਹੈ ਜਿਸ ਦਾ ਤਾਪਮਾਨ 18-25 ਡਿਗਰੀ ਹੁੰਦਾ ਹੈ। ਉੱਚ ਤਾਪਮਾਨ (30 ਡਿਗਰੀ) ਫੁੱਲਾਂ ਦੇ ਆਕਾਰ ਵਿੱਚ ਕਮੀ ਅਤੇ ਸ਼ੁਰੂਆਤੀ ਬੁਢਾਪੇ ਦਾ ਕਾਰਨ ਬਣਦਾ ਹੈ। ਪੌਦੇ ਗੰਭੀਰ ਠੰਢ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ, ਇਸ ਲਈ ਧੁੱਪ ਵਾਲੀਆਂ ਹਲਕੀਆਂ ਜਾਂ ਠੰਢ-ਮੁਕਤ ਸਰਦੀਆਂ ਆਦਰਸ਼ ਹਨ। ਭਰਪੂਰ ਖਿੜਨ ਲਈ, ਪੌਦਿਆਂ ਨੂੰ ਪੂਰੀ ਧੁੱਪ ਦੀ ਲੋੜ ਹੁੰਦੀ ਹੈ ਕਿਉਕਿ ਛਾਂਦਾਰ ਸਥਿਤੀਆਂ ਪਤਲੀਆਂ ਵਿਕਾਸ ਅਤੇ ਘੱਟ ਫੁੱਲਾਂ ਦਾ ਕਾਰਨ ਬਣਦੀਆਂ ਹਨ। ਫ਼ਸਲ ਨੂੰ ਦਰਮਿਆਨੀ ਬਾਰਿਸ਼ ਦੀ ਲੋੜ ਹੁੰਦੀ ਹੈ; ਹਾਲਾਂਕਿ, ਬਹੁਤ ਜ਼ਿਆਦਾ ਨਮੀ ਪੱਤਿਆਂ ਦੀਆਂ ਬਿਮਾਰੀਆਂ ਦਾ ਕਾਰਨ ਬਣਦੀ ਹੈ। ਜ਼ੋਰਦਾਰ ਵਾਧੇ ਲਈ, ਜੈਵਿਕ ਪਦਾਰਥ ਨਾਲ ਭਰਪੂਰ ਚੰਗੀ ਨਿਕਾਸ ਵਾਲੀ, ਦੋਮਟ ਮਿੱਟੀ (ਪੀ ਐੱਚ 6.0-7.0) ਆਦਰਸ਼ ਹੈ।

ਬੀਜ ਬੀਜਣ ਅਤੇ ਪਨੀਰੀ ਲਗਾਉਣ ਦਾ ਢੰਗ

ਗੁਲਦਾਉਦੀ ਦੇ ਬੀਜ ਅਕਤੂਬਰ ਦੇ ਦੂਜੇ ਪੰਦਰਵਾੜੇ ਤੋਂ ਸ਼ੁਰੂ ਕਰਕੇ ਨਵੰਬਰ ਦੇ ਪਹਿਲੇ ਪੰਦਰਵਾੜੇ ਤੱਕ ਬੀਜੇ ਜਾ ਸਕਦੇ ਹਨ। ਬੀਜ ਉੱਚੇ ਹੋਏ ਬੈੱਡਾਂ, ਮਿੱਟੀ ਜਾਂ ਲੱਕੜ ਦੇ ਪੈਨ ਜਾਂ ਗਮਲਿਆਂ ਵਿੱਚ ਬੀਜੇ ਜਾਂਦੇ ਹਨ। ਨਰਸਰੀ ਬੈੱਡ ਲੋੜੀਂਦੀ ਲੰਬਾਈ, 1.0 ਮੀਟਰ ਚੌੜਾ ਅਤੇ ਜ਼ਮੀਨ ਦੇ ਪੱਧਰ ਤੋਂ 10-15 ਸੈਂਟੀਮੀਟਰ ਉੱਚਾ ਹੋਣਾ ਚਾਹੀਦਾ ਹੈ ਤਾਂ ਜੋ ਸਹੀ ਨਿਕਾਸੀ ਨੂੰ ਯਕੀਨੀ ਬਣਾਇਆ ਜਾ ਸਕੇ। ਬੈੱਡਾਂ ਦੇ ਵਧਣ ਵਾਲੇ ਮਾਧਿਅਮ ਨੂੰ 1 ਹਿੱਸਾ ਹਲਕੀ ਬਣਤਰ ਵਾਲੀ ਮਿੱਟੀ, 1 ਹਿੱਸਾ ਪੱਤਾ ਫੂਸ ਜਾਂ ਸੜੇ ਹੋਏ ਚੌਲਾਂ ਦੀ ਫੱਕ, 1 ਹਿੱਸਾ ਚੰਗੀ ਤਰ੍ਹਾਂ ਸੜੀ ਹੋਈ ਖੇਤ ਦੀ ਖਾਦ ਮਿਲਾ ਕੇ ਤਿਆਰ ਕੀਤਾ ਜਾਂਦਾ ਹੈ। ਬਿਜਾਈ ਤੋਂ ਤੁਰੰਤ ਬਾਅਦ ਬੈੱਡਾਂ ਨੂੰ ਪਾਣੀ ਦਿੱਤਾ ਜਾਂਦਾ ਹੈ ਅਤੇ ਲੋੜ ਅਨੁਸਾਰ ਪਾਣੀ ਛਿੜਕ ਕੇ ਗਿੱਲਾ ਰੱਖਿਆ ਜਾਂਦਾ ਹੈ। ਬਿਜਾਈ ਤੋਂ 20-25 ਦਿਨਾਂ ਬਾਅਦ ਬੂਟੇ ਟ੍ਰਾਂਸਪਲਾਂਟ ਕਰਨ ਲਈ ਤਿਆਰ ਹੋ ਜਾਂਦੇ ਹਨ। ਸਹੀ ਵਿਕਾਸ ਲਈ 60 ਸੈਂਟੀਮੀਟਰ × 60 ਸੈਂਟੀਮੀਟਰ ਦੀ ਦੂਰੀ 'ਤੇ ਬੀਜ ਲਗਾਏ ਜਾਂਦੇ ਹਨ। ਪੌਦਿਆਂ ਨੂੰ ਪਾਸੇ ਦੀਆਂ ਟਾਹਣੀਆਂ ਦੇ ਵਾਧੇ ਨੂੰ ਉਤੇਜਿਤ ਕਰਨ ਲਈ ਚੁਟਕੀ ਦਿੱਤੀ ਜਾ ਸਕਦੀ ਹੈ ਜਿਸਦੇ ਨਤੀਜੇ ਵਜੋਂ ਵਧੇਰੇ ਫੁੱਲ ਆ ਸਕਦੇ ਹਨ। ਚੰਗੀ ਗੁਣਵੱਤਾ ਵਾਲੇ ਫੁੱਲਾਂ ਵਾਲੇ ਸਿਹਤਮੰਦ ਪੌਦਿਆਂ ਨੂੰ ਯਕੀਨੀ ਬਣਾਉਣ ਲਈ ਨਿਯਮਤ ਪਾਣੀ ਸਮੇਂ ਸਿਰ ਨਦੀਨ ਪ੍ਰਬੰਧ ਅਤੇ ਪੌਦਿਆਂ ਦੀ ਸਹੀ ਦੇਖਭਾਲ ਕੀਤੀ ਜਾਣੀ ਚਾਹੀਦੀ ਹੈ।

ਵਾਢੀ ਤੋਂ ਬਾਅਦ ਫੁੱਲਾਂ ਦੀ ਗੁਣਵੱਤਾ ਵਿੱਚ ਸੁਧਾਰ

ਉਤਪਾਦਕ ਸ਼ੈਲਫ ਲਾਇਫ ਨੂੰ ਵਧਾਉਣ, ਫੁੱਲਾਂ ਦੀ ਗੁਣਵੱਤਾ ਨੂੰ ਬਰਕਰਾਰ ਰੱਖਣ ਅਤੇ ਵਧੇਰੇ ਮੁਨਾਫੇ ਲਈ ਰਸਾਇਣਾਂ ਦੀ ਵਰਤੋਂ ਕਰ ਸਕਦੇ ਹਨ। ਪ੍ਰਭਾਵਸ਼ਾਲੀ ਰਸਾਇਣਾਂ ਵਿੱਚੋਂ ਇੱਕ ਆਕਸਾਲਿਕ ਐਸਿਡ ਸਪਰੇਅ ਹੈ। ਫੁੱਲਾਂ 'ਤੇ 100 mg 1-1 ਆਕਸਾਲਿਕ ਐਸਿਡ (ਵਪਾਰਕ ਗੁਡ) ਦਾ ਵਾਢੀ ਤੋਂ ਬਾਅਦ ਸਪਰੇਅ ਫੁੱਲਾਂ ਦੀ ਸੈਲਫ ਲਾਈਫ ਅਤੇ ਗੁਣਵੱਤਾ ਨੂੰ 2 ਦਿਨਾਂ ਤੋਂ ਵਧਾ ਕੇ 4 ਦਿਨਾਂ ਤੱਕ ਕਰ ਸਕਦੀ ਹੈ। ਇਹ ਦੋ ਦਿਨ ਦਾ ਸਮਾਂ ਉਤਪਾਦਕਾਂ ਨੂੰ ਫੁੱਲਾਂ ਨੂੰ ਸੰਭਾਲਣ ਅਤੇ ਇਸਨੂੰ ਵਾਜਬ ਉੱਚ ਕੀਮਤ 'ਤੇ ਵੇਚਣ ਦੇ ਯੋਗ ਬਣਾ ਸਕਦੇ ਹਨ।

ਤਰੀਕਾ

ਕਟਾਈ ਤੋਂ ਬਾਅਦ ਫੁੱਲਾਂ ਨੂੰ ਛਾਂ ਹੇਠ ਫਰਸ਼ 'ਤੇ ਚੰਗੀ ਤਰ੍ਹਾਂ ਫੈਲਾ ਕੇ, 100 mg 1-1 ਆਕਸਾਲਿਕ ਐਸਿਡ (1 ਲੀਟਰ ਪਾਣੀ ਵਿੱਚ 100 ਮਗ ਆਕਸਾਲਿਕ ਐਸਿਡ ਮਿਲਾਓ) ਤੇ ਸਹੀ ਢੰਗ ਨਾਲ ਛਿੜਕਾਅ ਕਰਨਾ ਚਾਹੀਦਾ ਹੈ। ਛਿੜਕਾਅ ਇਸ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ ਕਿ ਹਰੇਕ ਫੁੱਲ ਨੂੰ ਸਪਰੇਅ ਹੋ ਜਾਵੇ। ਸਪਰੇਅ ਜ਼ਿਆਦਾ ਦਬਾਅ ਨਾਲ ਨਹੀਂ ਕਰਨੀ ਚਾਹੀਦੀ ਕਿਉਕਿ ਇਹ ਫੁੱਲਾਂ ਨੂੰ ਖਰਾਬ ਕਰ ਸਕਦੀ ਹੈ। ਸਪਰੇਅ ਕਰਨ ਤੋਂ ਬਾਅਦ, ਇਨ੍ਹਾਂ ਫੁੱਲਾਂ ਨੂੰ ਪੈਕ ਕਰਕੇ ਬਾਜ਼ਾਰ ਲਿਜਾਇਆ ਜਾ ਸਕਦਾ ਹੈ।

ਖੁੱਲ੍ਹੇ ਫੁੱਲਾਂ ਦੀ ਪੈਕਿੰਗ

ਬਾਂਸ ਦੀਆਂ ਟੋਕਰੀਆਂ, ਪਲਾਸਟਿਕ ਦੇ ਕਰੇਟ/ਬਾਰਦਾਨੇ ਦੇ ਥੈਲਿਆਂ ਜਾਂ ਜਾਲੀਦਾਰ ਥੈਲਿਆਂ ਵਿੱਚ ਸਟੋਰੇਜ ਅਤੇ ਆਵਾਜਾਈ ਦੇ ਨਤੀਜੇ ਵਜੋਂ ਨਾ ਸਿਰਫ਼ ਸੰਕੁਚਨ, ਸੱਟਾਂ ਆਦਿ ਕਾਰਨ ਗੁਣਵੱਤਾ ਵਿੱਚ ਕਮੀ ਆਉਂਦੀ ਹੈ, ਸਗੋਂ ਭਾਰ ਵੀ ਘਟਦਾ ਹੈ। ਇਸ ਲਈ ਫੁੱਲਾਂ ਦੀ ਪੈਕਿੰਗ ਅਜਿਹੀ ਹੋਣੀ ਚਾਹੀਦੀ ਹੈ ਜੋ ਘੱਟ ਖਰਚੇ ਵਿੱਚ ਛੋਟੇ ਕਿਸਾਨਾਂ ਨੂੰ ਫੁੱਲਾਂ ਨੂੰ ਬਿਨਾਂ ਨੁਕਸਾਨ ਪਹੁੰਚਾਏ ਸਟੋਰ ਕਰਨ ਅਤੇ ਆਵਾਜਾਈ ਕਰਨ ਵਿੱਚ ਲਾਹੇਮੰਦ ਹੋਵੇ। ਸਟੋਰੇਜ ਅਤੇ ਆਵਾਜਾਈ ਲਈ ਮੌਸਮੀ ਗੁਲਦਾਉਦੀ ਦੇ ਫੁੱਲਾਂ ਨੂੰ ਕੋਰੇਗੇਟਿਡ ਫਾਈਬਰਬੋਰਡ ਬਕਸਿਆਂ (3ply) ਵਿੱਚ ਪੈਕ ਕਰਨ ਨਾਲ ਫੁੱਲਾਂ ਦੀ ਵਾਢੀ ਤੋਂ ਬਾਅਦ ਸ਼ੈਲਫ ਲਾਈਫ 2 ਦਿਨਾਂ ਲਈ ਵਧਾਈ ਜਾ ਸਕਦੀ ਹੈ। ਕਾਰਟੂਨਾਂ ਵਿੱਚ ਫੁੱਲਾਂ ਦੀ ਜ਼ਿਆਦਾ ਭਰਾਈ ਨਹੀਂ ਕਰਨੀ ਚਾਹੀਦੀ। ਆਵਾਜਾਈ ਦੌਰਾਨ ਕਾਰਟੂਨਾਂ ਨੂੰ ਸਹੀ ਢੰਗ ਨਾਲ ਸਟੈਕ ਕੀਤਾ ਜਾਣਾ ਚਾਹੀਦਾ ਹੈ।

ਬਰਸੀਮ ਚਾਰੇ ਤੋਂ ਝਾੜ ਲੈਣ ਲਈ ਨੁਕਤੇ

ਬਰਸੀਮ ਹਾੜ੍ਹੀ ਵਿੱਚ ਫਲੀਦਾਰ ਚਾਰੇ ਦੀ ਇਕ ਪ੍ਰਮੁੱਖ ਫ਼ਸਲ ਹੈ, ਜਿਸ ਨੂੰ ਚਾਰਿਆਂ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਬਰਸੀਮ ਦਾ ਚਾਰਾ ਪੌਸ਼ਟਿਕ ਅਤੇ ਸੁਆਦੀ ਹੁੰਦਾ ਹੈ। ਇਸ ਦੇ ਉੱਗਣ ਅਤੇ ਵੱਧਣ-ਫੁੱਲਣ ਲਈ ਦਰਮਿਆਨੇ ਤਾਪਮਾਨ ਦੀ ਲੋੜ ਹੁੰਦੀ ਹੈ।

ਬਰਸੀਮ ਦੀ ਫ਼ਸਲ ਤੋਂ ਹਰੇ ਚਾਰੇ ਦੀ ਵੱਧ ਪੈਦਾਵਾਰ ਲੈਣ ਲਈ ਅਤੇ ਵਾਧੂ ਚਾਰੇ ਨੂੰ ਸਾਂਭਣ ਲਈ ਜ਼ਰੂਰੀ ਨੁਕਤੇ :

ਉੱਨਤ ਕਿਸਮਾਂ : ਪੰਜਾਬ ਵਿੱਚ ਕਾਸ਼ਤ ਲਈ ਬਰਸੀਮ ਚਾਰ ਉੱਨਤ ਕਿਸਮਾਂ- ਬੀ.ਐਲ.-44, ਬੀ.ਐਲ.-43, ਬੀ.ਐਲ.-42 ਅਤੇ ਬੀ.ਐਲ.-10, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆਂ ਗਈਆਂ ਹਨ।

ਬਿਜਾਈ ਦਾ ਸਮਾਂ : ਬਰਸੀਮ ਦੀ ਫ਼ਸਲ ਤੋਂ ਵੱਧ ਚਾਰਾ ਲੈਣ ਲਈ

ਇਸ ਦੀ ਬਿਜਾਈ ਸਤੰਬਰ ਦੇ ਆਖਰੀ ਹਫ਼ਤੇ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫ਼ਤੇ ਤੱਕ ਕਰ ਦੇਣੀ ਚਾਹੀਦੀ ਹੈ।

ਬੀਜ ਦੀ ਮਾਤਰਾ ਅਤੇ ਬੀਜਣ ਦਾ ਢੰਗ : ਇੱਕ ਏਕੜ ਲਈ 8 ਕਿਲੋ ਬੀਜ ਵਰਤੋਂ। ਬਿਜਾਈ ਖੜ੍ਹੇ ਪਾਣੀ ਵਿੱਚ ਛੱਟੇ ਨਾਲ ਕੀਤੀ ਜਾ ਸਕਦੀ ਹੈ। ਬਰਸੀਮ ਦੇ ਬੀਜ ਨੂੰ ਕਾਸ਼ਨੀ ਦੇ ਬੀਜ ਤੋਂ ਰਹਿਤ ਕਰਨ ਲਈ, ਬਰਸੀਮ ਦੇ ਬੀਜ ਨੂੰ ਪਾਣੀ ਵਿੱਚ ਡੋਬੋ, ਕਾਸ਼ਨੀ ਦਾ ਬੀਜ ਉਪਰ ਤਰ ਆਵੇਗਾ, ਇਸ ਨੂੰ ਛਾਨਣੀ ਨਾਲ ਵੱਖ ਕਰ ਲਓ। ਵਧੇਰੇ ਅਤੇ ਚੰਗਾ ਚਾਰਾ ਲੈਣ ਲਈ ਬਰਸੀਮ ਦੇ ਪੂਰੇ ਬੀਜ ਵਿਚ 750 ਗ੍ਰਾਮ ਸਰ੍ਹੋਂ ਦਾ ਬੀਜ ਮਿਲਾ ਕੇ ਬੀਜੋ। ਬਰਸੀਮ ਵਿੱਚ ਜਵੀ ਰਲਾ ਕੇ ਬੀਜਣੀ ਚੰਗੀ ਹੈ। ਇਸ ਤਰ੍ਹਾਂ ਕਰਨ ਸਮੇਂ ਬਰਸੀਮ ਦਾ ਪੂਰਾ ਬੀਜ ਅਤੇ ਜਵੀ ਦਾ 12 ਕਿਲੋ ਬੀਜ ਵਰਤੋ। ਬਰਸੀਮ ਵਿੱਚ ਜਦੋਂ ਰਾਈ ਘਾਹ ਰਲਾ ਕੇ ਬੀਜੀਏ ਤਾਂ ਇਹ ਇੱਕ ਬਹੁਤ ਗੁਣਕਾਰੀ ਮਿਸ਼ਰਣ ਚਾਰਾ ਬਣ ਜਾਂਦਾ ਹੈ। ਇਸ ਮਿਸ਼ਰਣ ਚਾਰੇ ਦਾ ਬਹੁਤਾ ਝਾੜ ਲੈਣ ਲਈ ਰਾਈ ਘਾਹ ਦਾ 2-3 ਕਿਲੋ ਅਤੇ ਬਰਸੀਮ ਦਾ 8-10 ਕਿਲੋ ਬੀਜ ਪ੍ਰਤੀ ਏਕੜ ਪਾਓ ਜਾਂ ਰਾਈ ਘਾਹ ਦਾ 1 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਬਰਸੀਮ+ਜਵੀ ਜਾਂ ਬਰਸੀਮ+ਸਰੋਂ ਦੇ ਬੀਜ ਦੀ ਸਿਫ਼ਾਰਸ਼ ਕੀਤੀ ਮਾਤਰਾ ਵਿੱਚ ਰਲਾਓ। ਰਾਈ ਘਾਹ ਦੇ ਬੀਜ ਨੂੰ ਵੱਤਰ ਵਾਲੀ ਮਿੱਟੀ ਵਿੱਚ ਮਿਲਾ ਕੇ ਇਕਸਾਰ ਛੱਟਾ ਦਿਓ ਤੇ ਬਾਅਦ ਵਿੱਚ ਬਰਸੀਮ ਦਾ ਛੱਟਾ ਦੇ ਕੇ ਰੇਕ ਫੇਰ ਕੇ ਖੇਤ ਨੂੰ ਪਾਣੀ ਲਾ ਦਿਓ।

ਖਾਦਾਂ : ਇਕ ਫ਼ਲੀਦਾਰ ਫ਼ਸਲ ਹੋਣ ਕਰਕੇ ਬਰਸੀਮ ਫ਼ਾਸਫ਼ੋਰਸ ਦੀ ਖਾਦ ਨੂੰ ਬਹੁਤ ਮੰਨਦੀ ਹੈ। ਇਸ ਲਈ ਬਿਜਾਈ ਸਮੇਂ 6 ਟਨ ਰੂੜੀ ਦੀ ਖਾਦ ਅਤੇ 20 ਕਿਲੋ ਫ਼ਾਸਫ਼ੋਰਸ ਤੱਤ (125 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਦੇ ਹਿਸਾਬ ਵਰਤੋਂ। ਜੇਕਰ ਦੇਸੀ ਰੂੜੀ ਦੀ ਵਰਤੋਂ ਨਾ ਕੀਤੀ ਗਈ ਹੋਵੇ ਤਾਂ 10 ਕਿਲੋ ਨਾਈਟ੍ਰੋਜਨ ਤੱਤ (22 ਕਿਲੋ ਯੂਰੀਆ) ਅਤੇ 30 ਕਿਲੋ ਫ਼ਾਸਫ਼ੋਰਸ ਤੱਤ (185 ਕਿਲੋ ਸੁਪਰਫ਼ਾਸਫ਼ੇਟ) ਪ੍ਰਤੀ ਏਕੜ ਵਰਤੋ।

ਮੈਂਗਨੀਜ਼ ਦੀ ਘਾਟ : ਮੈਂਗਨੀਜ਼ ਦੀ ਘਾਟ ਆਮ ਤੌਰ ਤੇ ਹਲਕੀਆਂ ਰੇਤਲੀਆਂ ਜ਼ਮੀਨਾਂ ਵਿੱਚ ਆਉਂਦੀ ਹੈ, ਖਾਸ ਕਰਕੇ ਜਿਥੇ ਬਰਸੀਮ ਝੋਨੇ ਪਿੱਛੋਂ ਬੀਜਿਆ ਜਾਵੇ। ਜਿੱਥੇ ਇਸ ਦੀ ਘਾਟ ਦੇਖੀ ਜਾਵੇ ਉੱਥੇ 0.5% ਮੈਂਗਨੀਜ਼ ਸਲਫੇਟ (ਇਕ ਕਿਲੋ ਮੈਂਗਨੀਜ਼ ਸਲਫੇਟ 200 ਲਿਟਰ ਪਾਣੀ ਵਿਚ) ਦਾ ਘੋਲ ਧੁੱਪ ਵਾਲੇ ਦਿਨ ਹਫ਼ਤੇ-ਹਫ਼ਤੇ ਦੇ ਫਰਕ ਨਾਲ ਦੋ ਤਿੰਨ ਵਾਰ ਛਿੜਕੋ। ਇਹ ਛਿੜਕਾਅ ਕਟਾਈ ਕਰਨ ਤੋਂ 2 ਹਫ਼ਤੇ ਬਾਅਦ ਕਰੋ।

ਨਦੀਨਾਂ ਦੀ ਰੋਕਥਾਮ : ਜਿਨ੍ਹਾਂ ਖੇਤਾਂ ਵਿੱਚ ਇੱਟਸਿੱਟ ਦੀ ਸਮੱਸਿਆ ਹੋਵੇ ਉੱਥੇ ਬਰਸੀਮ ਵਿੱਚ ਰਾਇਆ ਰਲਾ ਕੇ ਬੀਜੋ। ਰਾਇਆ ਦੀ ਫ਼ਸਲ ਛੇਤੀ ਵਧਦੀ ਹੈ ਅਤੇ ਇਹ ਨਦੀਨਾਂ ਨੂੰ ਦੱਬ ਲੈਂਦੀ ਹੈ। ਜਿੱਥੇ ਇਸ ਨਦੀਨ ਦੀ ਸਮੱਸਿਆ ਵਧੇਰੇ ਹੋਵੇ ਉੱਥੇ ਬਿਜਾਈ ਅਕਤੂਬਰ ਦੇ ਦੂਜੇ ਹਫ਼ਤੇ ਤੱਕ ਪਿਛੇਤੀ ਕਰੋ ਕਿਉਕਿ ਉਸ ਵੇਲੇ ਤਾਪਮਾਨ ਘੱਟਣ ਕਾਰਨ ਇਹ ਨਦੀਨ ਘੱਟ ਉੱਗਦਾ ਹੈ।

ਸਿੰਚਾਈ : ਪਹਿਲਾ ਪਾਣੀ ਹਲਕੀਆਂ ਜ਼ਮੀਨਾਂ ਵਿੱਚ 3-5 ਦਿਨਾਂ ਪਿਛੋਂ ਅਤੇ ਭਾਰੀਆਂ ਜ਼ਮੀਨਾਂ ਵਿੱਚ 6-8 ਦਿਨਾਂ ਪਿੱਛੋਂ ਦੇਣਾ ਜ਼ਰੂਰੀ ਹੈ। ਇਸ ਤੋਂ ਬਾਅਦ ਵਾਲੇ ਪਾਣੀ ਗਰਮੀਆਂ ਵਿੱਚ 8-10 ਦਿਨਾਂ ਪਿੱਛੋਂ ਅਤੇ ਸਰਦੀਆਂ ਵਿੱਚ 10-15 ਦਿਨਾਂ ਪਿੱਛੋਂ ਜ਼ਮੀਨ ਅਤੇ ਮੌਸਮ ਅਨੁਸਾਰ ਦਿੰਦੇ ਰਹਿਣਾ ਚਾਹੀਦਾ ਹੈ।

ਵਾਢੀ : ਪਹਿਲਾ ਲੌਅ ਬਿਜਾਈ ਤੋਂ ਤਕਰੀਬਨ 50 ਦਿਨਾਂ ਵਿੱਚ ਤਿਆਰ ਹੋ ਜਾਂਦਾ ਹੈ, ਸਰਦੀਆਂ ਵਿੱਚ 40 ਦਿਨਾਂ ਪਿੱਛੋਂ ਅਤੇ ਬਾਅਦ ਵਿੱਚ 30 ਦਿਨਾਂ ਦੇ ਵਕਫ਼ੇ ਤੇ ਅਗਲੇ ਲੌਅ ਲਏ ਜਾ ਸਕਦੇ ਹਨ।

ਮਨਿੰਦਰ ਕੌਰ ਅਤੇ ਹਰਪ੍ਰੀਤ ਕੌਰ ਓਬਰਾਏ, ਪਲਾਂਟ ਬ੍ਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 81467-45918)

ਨਿੰਬੂ ਜਾਤੀ ਦੇ ਬੂਟਿਆਂ ਨੂੰ ਬਿਮਾਰੀਆਂ ਤੋਂ ਬਚਾਓ

ਨਿੰਬੂ-ਜਾਤੀ ਪੰਜਾਬ ਦੀ ਮੁੱਖ ਫਲਦਾਰ ਫਸਲ ਹੈ। ਤਕਰੀਬਨ 49244 ਹੈਕਟੇਅਰ ਵਿੱਚ ਇਸ ਦੀ ਕਾਸ਼ਤ ਕੀਤੀ ਜਾਂਦੀ ਹੈ। ਜਿਸ ਤੋਂ 10 15628 ਟਨ ਫਲ ਪੈਦਾ ਕੀਤੇ ਜਾਂਦੇ ਹਨ। ਬਰਸਾਤ ਰੁੱਤ ਵਿੱਚ ਵਾਤਾਵਰਣ ਵਿਚਲੀ ਗਰਮੀ ਅਤੇ ਸਿੱਲ੍ਹ (ਸਲ੍ਹਾਬ) ਨਿੰਬੂ-ਜਾਤੀ ਦੇ ਬੂਟਿਆਂ ਦੀਆਂ ਬਿਮਾਰੀਆਂ ਦੇ ਲਈ ਬਹੁਤ ਹੀ ਅਨੁਕੂਲ ਹੁੰਦੇ ਹਨ। ਅਜਿਹੀਆਂ ਹਾਲਤਾਂ ਵਿੱਚ ਬੂਟਿਆਂ 'ਤੇ ਬਿਮਾਰੀਆਂ ਦਾ ਹਮਲਾ ਅਤੇ ਇਸ ਦਾ ਵਾਧਾ ਬੜੀ ਤੇਜ਼ੀ ਨਾਲ ਹੁੰਦਾ ਹੈ। ਜਿਸ ਕਾਰਣ ਬਾਗਬਾਨਾਂ ਨੂੰ ਹਰ ਸਾਲ ਬਹੁਤ ਨੁਕਸਾਨ ਸਹਿਣਾ ਪੈਂਦਾ ਹੈ। ਇਸ ਲਈ ਬਹੁਤ ਹੀ ਜ਼ਰੂਰੀ ਹੈ ਕਿ ਨਿੰਬੂ-ਜਾਤੀ ਦੇ ਬੂਟਿਆਂ ਨੂੰ ਬਰਸਾਤ ਵਿੱਚ ਲੱਗਣ ਵਾਲੀਆਂ ਬਿਮਾਰੀਆਂ ਦੀ ਸਹੀ ਪਹਿਚਾਣ ਅਤੇ ਇਹਨਾਂ ਦੀ ਵੇਲੇ ਸਿਰ ਰੋਕਥਾਮ ਕੀਤੀ ਜਾਵੇ ਤਾਂ ਜੋ ਇਹਨਾਂ ਬੂਟਿਆਂ ਤੋਂ ਵੱਧ ਤੋਂ ਵੱਧ ਗੁਣਵਾਨ ਝਾੜ ਲਿਆ ਜਾਵੇ। ਇਹਨਾਂ ਬਿਮਾਰੀਆਂ ਦੀ ਪਹਿਚਾਣ ਅਤੇ ਰੋਕਥਾਮ ਦੇ ਵਿਗਿਆਨਕ ਨੁਕਤੇ ਇਸ ਪ੍ਰਕਾਰ ਹਨ।

ਪੈਰੋਂ ਗਲਣ ਦਾ ਰੋਗ (ਗੋਂਦ ਰੋਗ) :- ਕਈ ਬਾਗਬਾਨ ਇਸ ਰੋਗ ਨੂੰ ਨਹੀਂ ਸਮਝ ਸਕਦੇ, ਕਿਉਂਕਿ ਇਹ ਬਿਮਾਰੀ ਜ਼ਮੀਨ ਦੇ ਅੰਦਰ ਹੀ ਅੰਦਰ ਖੁਰਾਕੀ ਜੜ੍ਹਾਂ ਨੂੰ ਖਤਮ ਕਰ ਦਿੰਦੀ ਹੈ। ਇਸ ਨਾਲ ਜੜ੍ਹਾਂ ਦੀ ਬਾਹਰਲੀ ਛਿੱਲ ਬਦਰੰਗੀ ਅਤੇ ਨਰਮ ਹੋ ਕੇ ਪਾਣੀ ਭਿੱਜੀ ਨਜ਼ਰ ਆਉਂਦੀ ਹੈ। ਗੰਭੀਰ ਹਾਲਤਾਂ ਵਿੱਚ ਮਰ ਰਹੀਆਂ ਜੜ੍ਹਾਂ ਦੀ ਪੂਰਤੀ ਨਵੀਆਂ ਪੈਦਾ ਹੋ ਰਹੀਆਂ ਜੜ੍ਹਾਂ ਨਹੀਂ ਕਰ ਸਕਦੀਆਂ। ਜਿਸ ਨਾਲ ਬੂਟੇ ਪੀਲੇ ਹੋ ਕੇ ਸੋਕੜ ਦਾ ਸ਼ਿਕਾਰ ਹੋ ਜਾਂਦੇ ਹਨ। ਹਮਲੇ ਵਾਲੇ ਬਾਗ ਸਮੇਂ ਤੋਂ ਪਹਿਲਾਂ ਹੀ ਸਥਿੱਲ ਹੋ ਜਾਂਦੇ ਹਨ ਅਤੇ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਭਾਰੀਆਂ, ਸਿੱਲ੍ਹ ਅਤੇ ਸੇਮ ਵਾਲੀਆਂ ਜ਼ਮੀਨਾਂ ਵਿੱਚ ਇਹ ਬਿਮਾਰੀ ਜ਼ਿਆਦਾ ਨੁਕਸਾਨ ਕਰਦੀ ਹੈ। ਖੁਰਾਕੀ ਜੜ੍ਹਾਂ ਦੀ ਜਾਂਚ ਲਈ ਇਹਨਾਂ ਨੂੰ ਅਗੂੰਠੇ ਅਤੇ ਪਹਿਲੀ ਉਂਗਲੀ ਨਾਲ ਪਕੜ ਕੇ ਖਿਚੋ। ਗਲੀਆਂ ਜੜ੍ਹਾਂ ਦੀ ਬਾਹਰਲੀ ਛਿੱਲ ਆਸਾਨੀ ਨਾਲ ਉੱਤਰ ਜਾਵੇਗੀ ਅਤੇ ਕੇਵਲ ਚਿੱਟੀ ਲੱਕੜੀ ਰਹਿ ਜਾਵੇਗੀ। ਇਸ ਬਿਮਾਰੀ ਨਾਲ ਨਰਸਰੀ ਵਿੱਚ ਪਨੀਰੀ ਮੁਰਝਾ ਜਾਂਦੀ ਹੈ। ਜੇ ਪਨੀਰੀ ਨੂੰ ਪੁੱਟ ਕੇ ਦੇਖੀਏ ਤਾਂ ਜੜ੍ਹਾਂ ਦਾ ਛਿਲਕਾ ਆਸਾਨੀ ਨਾਲ ਉੱਤਰ ਜਾਂਦਾ ਹੈ। ਬਾਗ ਵਿੱਚ

ਬੂਟਿਆਂ ਦੇ ਪੈਰ ਦਾ ਗਾਲਾ, ਗੂੰਦ ਨਿਕਲਣਾ, ਖੁਰਾਕੀ ਜੜ੍ਹਾਂ ਦਾ ਗਾਲਾ, ਪੱਤਿਆਂ ਦਾ ਝੜਨਾ ਅਤੇ ਫਲ ਦਾ ਗਾਲਾ ਲੱਛਣ ਨਜ਼ਰ ਆਉਂਦੇ ਹਨ। ਤਣੇ ਦੇ ਪਿਉਂਦ ਵਾਲੇ ਹਿੱਸੇ ਨੇੜਿਉਂ ਗੂੰਦ ਨਿਕਲਣਾ ਇਸ ਬਿਮਾਰੀ ਦੀ ਪਹਿਲੀ ਨਿਸ਼ਾਨੀ ਹੈ, ਜਿਵੇਂ-ਜਿਵੇਂ ਜ਼ਖਮ ਵੱਡੇ ਹੁੰਦੇ ਹਨ, ਛਿੱਲ ਵਿੱਚ ਲੰਬੀਆਂ ਤਰੇੜਾਂ ਪੈ ਜਾਂਦੀਆਂ ਹਨ। ਪੱਤੇ ਪੀਲੇ ਪੈ ਜਾਂਦੇ ਹਨ ਅਤੇ ਉੱਲੀ ਤਣੇ ਦੇ ਚਾਰੇ ਪਾਸੇ ਘੁੰਮ ਜਾਂਦੀ ਹੈ, ਜਿਸ ਕਾਰਨ ਬੂਟੇ ਦਾ ਵਾਧਾ ਰੁਕ ਜਾਂਦਾ ਹੈ ਅਤੇ ਬੂਟਾ ਮਰਨਾ ਸ਼ੁਰੂ ਹੋ ਜਾਂਦਾ ਹੈ। ਇਸ ਬਿਮਾਰੀ ਨਾਲ ਪ੍ਰਭਾਵਿਤ ਬੂਟਿਆਂ ਨੂੰ ਬਹੁਤ ਫੁੱਲ ਆਉਂਦੇ ਹਨ, ਜੋ ਫਲ ਦੇ ਬਨਣ ਤੋਂ ਪਹਿਲਾਂ ਹੀ ਡਿੱਗ ਜਾਂਦੇ ਹਨ ਤੇ ਬੂਟੇ ਮਰ ਜਾਂਦੇ ਹਨ।

ਸਾਵਧਾਨੀਆਂ :- ਤਣੇ 'ਤੇ ਪੇਂਟ ਕਰਨ ਲਈ ਪਹਿਲਾਂ ਇਹ ਜ਼ਰੂਰੀ ਹੈ ਕਿ ਚਾਕੂ ਨਾਲ ਬਿਮਾਰੀ ਵਾਲੀ ਛਿੱਲ ਨਾਲ ਥੋੜ੍ਹਾ ਜਿਹਾ ਤੰਦਰੁਸਤ ਹਿੱਸਾ ਵੀ ਖੁਰਚੋ। ਉਤਾਰੀ ਹੋਈ ਰੋਗੀ ਛਿੱਲ ਨੂੰ ਇੱਕਠਾ ਕਰਕੇ ਨਸ਼ਟ ਕਰ ਦਿਉ ਤਾਂ ਜੋ ਉੱਲੀ ਦੇ ਕਣ ਛਿੱਲ ਰਾਹੀਂ ਜ਼ਮੀਨ ਵਿੱਚ ਨਾ ਫੈਲ ਸਕਣ। ਸਾਫ ਕੀਤੇ ਜ਼ਖਮਾਂ 'ਤੇ 2 ਗ੍ਰਾਮ ਰਿਡੋਮਿਲ ਗੋਲਡ 68 ਤਾਕਤ ਜਾਂ ਕਰਜ਼ੇਟ ਐਮ 8 ਜਾਂ ਮੈਟਕੋ 8-64 ਜਾਂ ਰਿਡੋਕਸ 72 ਤਾਕਤ ਜਾਂ ਮੈਟਾਮਿਲ 72 ਤਾਕਤ ਨੂੰ 100 ਮਿਲੀਲੀਟਰ ਅਲਸੀ ਦੇ ਤੇਲ ਵਿੱਚ ਘੋਲ ਕੇ ਸਾਲ ਵਿੱਚ ਦੋ ਵਾਰ (ਫਰਵਰੀ-ਮਾਰਚ ਅਤੇ ਜੁਲਾਈ-ਅਗਸਤ) ਬੁਰਸ਼ ਨਾਲ ਜ਼ਖਮਾਂ ਤੇ ਲਗਾਉ। ਬਾਅਦ ਵਿੱਚ ਇਨ੍ਹਾਂ ਵਿੱਚੋਂ ਕੋਈ ਇੱਕ ਦਵਾਈ ਨਾਲ (25 ਗ੍ਰਾਮ 10 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟਾ) ਤਣੇ ਦੇ ਚਾਰ-ਚੁਫੇਰੇ ਵਾਲੀ ਮਿੱਟੀ ਨੂੰ ਚੰਗੀ ਤਰ੍ਹਾਂ ਗੜੁੱਚ ਕਰੋ। ਇਸ ਤੋਂ ਇਲਾਵਾ ਐਲੀਅਟ (2.5 ਗ੍ਰਾਮ ਪ੍ਰਤੀ ਲੀਟਰ ਪਾਣੀ) ਦੇ ਦੋ ਛਿੜਕਾਅ ਅਪ੍ਰੈਲ ਅਤੇ ਸਤੰਬਰ ਵਿੱਚ ਕਰੋ।

ਫਲਾਂ ਦਾ ਕੇਰਾ :- ਇਹ ਬਿਮਾਰੀ ਫਲ ਦੀ ਤੁੜਾਈ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ ਅਤੇ ਫਲ ਤੋੜਨ ਤੱਕ ਜਾਰੀ ਰਹਿੰਦੀ ਹੈ। ਅਗਸਤ ਅਤੇ ਸਤੰਬਰ ਮਹੀਨੇ ਕੱਚੇ ਫਲਾਂ ਦੇ ਡਿੱਗਣ ਨਾਲ ਪੰਜਾਬ ਵਿੱਚ ਬਾਗਬਾਨਾਂ ਦਾ ਕਾਫੀ ਨੁਕਸਾਨ ਹੁੰਦਾ ਹੈ। ਪੁਰਾਣੇ ਬਾਗਾਂ ਵਿੱਚ ਇਸ

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 I 9216103075 I 9216103069

ਬਿਮਾਰੀ ਦਾ ਹਮਲਾ ਨਵੇਂ ਬਾਗਾਂ ਦੇ ਮੁਕਾਬਲੇ ਜ਼ਿਆਦਾ ਹੁੰਦਾ ਹੈ। ਇਸ ਬਿਮਾਰੀ ਦੇ ਹਮਲੇ ਨਾਲ ਫਲ ਦੀ ਡੰਡੀ ਦੇ ਆਲੇ-ਦੁਆਲੇ ਗੋਲਾਕਾਰ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ, ਜੋ ਬਾਅਦ ਵਿੱਚ ਵੱਧ ਕੇ ਸਿੱਕੇ ਵਾਲੇ ਰੁਪਏ ਦੀ ਸ਼ਕਲ ਵਾਂਗ ਲੱਗਣ ਲੱਗ ਪੈਂਦੇ ਹਨ। ਇਹ ਗਲਣਾ (ਰੋਗ) ਫਲ ਦੀ ਡੰਡੀ ਵਾਲੇ ਪਾਸੇ ਤੋਂ ਸ਼ੁਰੂ ਹੋ ਕੇ ਫਲ ਧੁੰਨੀ ਤੱਕ ਪਹੁੰਚ ਕੇ ਸਾਰੇ ਦੇ ਸਾਰੇ ਫਲ ਦੇ ਹਿੱਸੇ ਨੂੰ ਢੱਕ ਲੈਂਦਾ ਹੈ। ਰੋਗੀ ਫਲ ਜਾਂ ਤਾਂ ਤੁੜਾਈ ਤੋਂ ਪਹਿਲਾਂ ਹੀ ਗਿਰਨੇ ਸ਼ੁਰੂ ਹੋ ਜਾਂਦੇ ਹਨ ਜਾਂ ਫਿਰ ਬੂਟੇ 'ਤੇ ਹੀ ਲਟਕਦੇ ਰਹਿੰਦੇ ਹਨ। ਰੋਗੀ ਫਲ ਪਿਚਕੇ, ਸਖਤ ਤੇ ਭੁਰਭੁਰੇ ਹੁੰਦੇ ਹਨ। ਬੀਮਾਰ ਫਲਾਂ ਦੀਆਂ ਡੰਡੀਆਂ ਸਲੇਟੀ ਰੰਗ ਦੀਆਂ ਹੋ ਜਾਂਦੀਆਂ ਹਨ ਅਤੇ ਇਹਨਾਂ ਉੱਤੇ ਉੱਲੀ ਦੇ ਕਾਲੇ ਰੰਗ ਦੇ ਟਿਮਕਣੇ ਬਣ ਜਾਂਦੇ ਹਨ।

ਰੋਕਥਾਮ :- ਰੋਗੀ ਟਾਹਣੀਆਂ ਜਨਵਰੀ-ਫਰਵਰੀ ਦੇ ਮਹੀਨੇ ਕੱਟ ਕੇ ਨਸ਼ਟ ਕਰ ਦਿਉ ਅਤੇ ਬੋਰਡੋ ਮਿਸ਼ਰਣ ਦਾ ਸਪਰੇਅ ਕਰੋ। ਹੇਠਾਂ ਡਿੱਗੇ ਰੋਗੀ ਅਤੇ ਬੂਟੇ ਉੱਤੇ ਲਟਕਦੇ ਫਲਾਂ ਨੂੰ ਤੋੜ ਕੇ ਇੱਕਠਾ ਕਰਕੇ ਜ਼ਮੀਨ ਵਿੱਚ ਟੋਇਆ ਪੁੱਟ ਕੇ ਦੱਬ ਦਿਓ, ਕਿਉਂਕਿ ਇਹਨਾਂ ਰੋਗੀ ਫਲਾਂ ਤੋਂ ਇਹ ਬਿਮਾਰੀ ਬਹੁਤ ਫੈਲਦੀ ਹੈ। ਇਸ ਬਿਮਾਰੀ ਦੀ ਰੋਕਥਾਮ ਲਈ ਜ਼ੀਰਮ 27 ਤਾਕਤ (1250 ਮਿ.ਲੀ.) ਜਾਂ ਪ੍ਰੋਪੀਕੋਨਾਜ਼ੋਲ 25 ਤਾਕਤ (500 ਮਿ.ਲੀ.) ਜਾਂ ਬਾਵਿਸਟਨ 50 ਤਾਕਤ (500 ਗ੍ਰਾਮ) ਐਲ 5 ਗ੍ਰਾਮ 2,4-ਡੀ (ਸੋਡੀਅਮ ਸਾਲਟ, ਹੋਰਟੀਕਲਚਰ ਗਰੇਡ) 500 ਲੀਟਰ ਪਾਣੀ ਪ੍ਰਤੀ ਏਕੜ ਦੇ ਛਿੜਕਾਅ ਅੱਧ ਅਪ੍ਰੈਲ, ਅਗਸਤ ਅਤੇ ਸਤੰਬਰ ਦੇ ਮਹੀਨੇ ਕਰੋ ਅਤੇ ਇਸ ਤੋਂ ਇਲਾਵਾ ਇਕੱਲੀ ਜ਼ੀਰਮ 27 ਤਾਕਤ (1250 ਮਿ.ਲੀ.) ਜਾਂ ਪ੍ਰੋਪੀਕੋਨਾਜ਼ੋਲ 25 ਤਾਕਤ (500 ਮਿ.ਲੀ.) ਜਾਂ ਬਾਵਿਸਟਨ 50 ਤਾਕਤ (500 ਗ੍ਰਾਮ) ਦੇ ਛਿੜਕਾਅ ਅਖੀਰ ਜੁਲਾਈ ਅਤੇ ਅਖੀਰ ਸਤੰਬਰ ਮਹੀਨੇ ਹੋਰ ਕਰੋ।

ਸਾਵਧਾਨੀ :- ਜੇਕਰ ਬਾਗ ਵਿੱਚ ਕੋਈ ਚੌੜੇ ਪੱਤਿਆਂ ਵਾਲੀ ਫਸਲ ਬੀਜੀ ਗਈ ਹੋਵੇ ਤਾਂ ਬੂਟਿਆਂ ਉੱਪਰ 2,4-ਡੀ ਦੀ ਬਜਾਏ 10 ਗ੍ਰਾਮ ਪ੍ਰਤੀ ਏਕੜ ਜਿਬਰੈਲਿਕ ਐਸਿਡ ਦਾ ਛਿੜਕਾਅ ਕਰੋ।

ਕੋਹੜ ਰੋਗ (ਕੈਂਕਰ) :- ਜ਼ਿਆਦਾ ਸਿੱਲ੍ਹ ਅਤੇ ਮੀਂਹ ਇਸ ਰੋਗ ਦੇ ਵਾਧੇ ਲਈ ਬਹੁਤ ਅਨੁਕੂਲ ਹਨ। ਅਜਿਹੀਆਂ



ਹਾਲਤਾਂ ਵਿੱਚ ਇਸ ਬਿਮਾਰੀ ਦਾ ਹਮਲਾ ਨਵੀਂ ਫੋਟ 'ਤੇ ਬਹੁਤ ਨੁਕਸਾਨ ਕਰਦਾ ਹੈ। ਇਹ ਬਿਮਾਰੀ ਨਰਸਰੀ ਵਿੱਚ ਅਤੇ ਬਾਗ ਵਿੱਚ 2-3 ਸਾਲ ਦੇ ਬੂਟਿਆਂ 'ਤੇ ਬਹੁਤ ਹਮਲਾ ਕਰਦੀ ਹੈ। ਇਸ ਬਿਮਾਰੀ ਦੇ ਹਮਲੇ ਨਾਲ ਪੱਤਿਆਂ 'ਤੇ ਪੀਲੇ ਭੂਰੇ ਰੰਗ ਦੇ ਧੱਬੇ ਪੈ ਜਾਂਦੇ ਹਨ। ਇਹ ਧੱਬੇ ਪੱਤਿਆਂ ਦੇ ਦੋਵੇਂ ਪਾਸੇ ਉੱਠੇ ਨਜ਼ਰ ਆਉਂਦੇ ਹਨ ਅਤੇ ਇਹਨਾਂ ਧੱਬਿਆਂ ਦੇ ਆਲੇ-ਦੁਆਲੇ ਪੀਲੇ ਰੰਗ ਦੇ ਘੇਰੇ ਬਣ ਜਾਂਦੇ ਹਨ। ਧੱਬੇ ਆਪਸ ਵਿੱਚ ਮਿਲ ਕੇ ਸਾਰੇ ਦਾ ਸਾਰਾ ਪੱਤਾ ਢੱਕ ਲੈਂਦੇ ਹਨ। ਰੋਗੀ ਪੱਤੇ ਕਰੂੰਤੇ ਝੜ ਜਾਂਦੇ ਹਨ। ਟਾਹਣੀਆਂ ਉੱਤੇ ਇਹ ਧੱਬੇ ਵਿੰਗੇ ਟੇਢੇ ਤੇ ਭੂਰੇ ਰੰਗ ਦੇ ਹੁੰਦੇ ਹਨ। ਰੋਗੀ ਟਾਹਣੀਆਂ ਸੁੱਕ ਕੇ ਸੋਕੜਾ ਪੈਦਾ ਕਰ ਦਿੰਦੀਆਂ ਹਨ। ਜਿਸ ਕਾਰਣ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ। ਫਲਾਂ 'ਤੇ ਇਹ ਧੱਬੇ ਖੁਰਦਰੇ ਹੁੰਦੇ ਹਨ, ਜੋ ਸਿਰਫ ਉੱਪਰਲੀ ਛਿੱਲ ਤੱਕ ਹੀ ਮਾਰ ਸਕਦੇ ਹਨ। ਰੋਗੀ ਫਲ ਮੰਡੀਕਰਨ ਦੇ ਯੋਗ ਨਹੀਂ ਰਹਿੰਦੇ।

ਰੋਕਥਾਮ :- ਨਵਾਂ ਬਾਗ ਲਾਉਣ ਲਈ ਨਰਸਰੀ ਵਿੱਚੋਂ ਹਮੇਸ਼ਾਂ ਕੋਹੜ ਰੋਗ ਰਹਿਤ ਬੂਟੇ ਖਰੀਦੋ। ਜੇ ਨਰਸਰੀ ਵਿੱਚੋਂ ਖਰੀਦੇ ਗਏ ਬੂਟਿਆਂ ਦੇ ਪੱਤੇ ਜਾਂ ਟਾਹਣੀ 'ਤੇ ਕੋਹੜ ਰੋਗ ਦੀ ਨਿਸ਼ਾਨੀ ਨਜ਼ਰ ਆਵੇ ਤਾਂ ਰੋਗੀ ਪੱਤੇ ਜਾਂ ਟਾਹਣੀ ਨੂੰ ਕੱਟ ਕੇ ਹੀ ਬੂਟੇ ਨੂੰ ਬਾਗ ਵਿੱਚ ਲਗਾਉ। ਬੂਟਿਆਂ ਦੀਆਂ ਰੋਗੀਆਂ ਟਾਹਣੀਆਂ ਨੂੰ ਕੱਟ ਕੇ ਸਾੜ ਦਿਓ ਅਤੇ ਖਮਾਂ 'ਤੇ ਬੋਰਡੋ ਲੇਪ ਲਾ ਦਿਓ। ਰੋਗੀ ਫਲਾਂ ਨੂੰ ਚੰਗੀ ਤਰ੍ਹਾਂ ਨਸ਼ਟ ਕਰ ਦਿਉ। 50 ਗ੍ਰਾਮ ਸਟਰੈਪਟੋ-ਸਾਈਕਲੀਨ ਅਤੇ 25 ਗ੍ਰਾਮ ਕਾਪਰ ਸਲਫੇਟ (ਨੀਲਾ ਥੋਥਾ) ਨੂੰ 500 ਲੀਟਰ ਪਾਣੀ ਵਿੱਚ ਘੋਲ ਕੇ ਤਿੰਨ ਛਿੜਕਾਅ ਜੁਲਾਈ, ਅਗਸਤ ਅਤੇ ਸਤੰਬਰ ਵਿੱਚ ਕਰੋ। ਬੋਰਡੋ ਮਿਸ਼ਰਣ (2:2:250) ਜਾਂ ਕਾਪਰ ਆਕਸੀਕਲੋਰਾਈਡ 50 ਤਾਕਤ (3 ਗ੍ਰਾਮ ਪ੍ਰਤੀ ਲੀਟਰ ਪਾਣੀ) ਦੇ ਛਿੜਕਾਅ ਵੀ ਕੀਤੇ ਜਾ ਸਕਦੇ ਹਨ।

ਕਾਲਖ ਰੋਗ (ਸੂਟੀ ਮੋਲਡ) :- ਸੂਟੀ ਮੋਲਡ ਉੱਲੀ ਵਾਲੇ ਬਿਮਾਰੀ ਰਸ ਚੂਸਣ ਵਾਲੇ ਕੀੜਿਆਂ ਦੇ ਮਲ-ਮੂਤਰ 'ਤੇ ਪੈਦਾ ਹੁੰਦੀ ਹੈ, ਜਿਸ ਨਾਲ ਪੱਤਿਆਂ ਅਤੇ ਫਲਾਂ 'ਤੇ ਕਾਲੇ ਰੰਗ ਦਾ ਧੂੜਾ ਜੰਮ ਜਾਂਦਾ ਹੈ। ਸੋਕੇ ਦੇ ਹਾਲਤਾਂ ਵਿੱਚ ਪ੍ਰਭਾਵਿਤ ਬੂਟਿਆਂ ਦੇ ਪੱਤੇ ਭੁਰੜ-ਮੁਰੜ ਜਿਹੇ ਨਜ਼ਰ ਆਉਂਦੇ ਹਨ। ਪ੍ਰਭਾਵਿਤ ਫਲ ਛੋਟੇ ਹੁੰਦੇ ਹਨ ਤੇ ਗਲ ਵੀ ਸਕਦੇ ਹਨ। ਇਨ੍ਹਾਂ ਫਲਾਂ ਦਾ ਰੰਗ ਦੇਰੀ ਨਾਲ ਆਉਂਦਾ ਹੈ ਅਤੇ ਇਹਨਾਂ ਫਲਾਂ 'ਤੇ ਜੰਮੀ ਹੋਈ ਕਾਲਖ ਆਸਾਨੀ ਨਾਲ ਨਹੀਂ ਉਤਰਦੀ। ਇਹ ਫਲ ਧੁੱਪ ਨਹੀਂ ਸਹਾਰ ਸਕਦੇ ਤੇ ਧੁੱਪ ਵਾਲੇ ਪਾਸੇ ਤੋਂ ਸੜ ਜਾਂਦੇ ਹਨ ਅਤੇ ਇਹ ਝੜ ਜਾਂਦੇ ਹਨ। ਗੰਭੀਰ ਹਾਲਤਾਂ ਵਿੱਚ ਪੌਦੇ 'ਤੇ ਫੁਟਾਰਾ ਘੱਟ ਆਉਂਦਾ ਹੈ ਅਤੇ ਅਗਲੇ ਸਾਲ ਫੁੱਲ ਤੇ ਫਲ ਵੀ ਘੱਟ ਲੱਗਦੇ ਹਨ। ਮੰਡੀ ਵਿੱਚ ਰੋਗੀ ਫਲਾਂ ਦਾ ਮੁੱਲ ਪੂਰਾ ਨਹੀਂ ਮਿਲਦਾ ਅਤੇ ਖਰੀਦਦਾਰ ਇਹਨਾਂ ਨੂੰ ਬਿਲਕੁਲ ਪਸੰਦ ਨਹੀਂ ਕਰਦੇ। ਇਹ ਰੋਗ ਸੰਘਣੇ ਬਾਗਾਂ ਅਤੇ ਛਾਂ ਵਾਲੇ ਪਾਸੇ ਜ਼ਿਆਦਾ ਹੁੰਦਾ ਹੈ। ਇਹ ਰੋਗ ਸੰਘਣੇ ਬਾਗਾਂ ਅਤੇ ਛਾਂ ਵਾਲੇ ਪਾਸੇ ਜ਼ਿਆਦਾ ਹੁੰਦਾ ਹੈ। ਕਾਲਖ ਕਾਰਨ ਪੱਤੇ ਸੂਰਜ ਦੀ ਰੋਸ਼ਨੀ ਤੋਂ ਆਪਣੀ ਲੋੜੀਂਦੀ ਮਾਤਰਾ ਵਿੱਚ ਖੁਰਾਕ ਨਹੀਂ ਬਣਾ ਸਕਦੇ।

ਰੋਕਥਾਮ :- ਇਸ ਰੋਗ ਦੀ ਸੰਪੂਰਨ ਰੋਕਥਾਮ ਲਈ ਕੀਟਨਾਸ਼ਕ ਅਤੇ ਉੱਲੀਨਾਸ਼ਕ ਦਵਾਈਆਂ ਨੂੰ ਆਪਸ ਵਿੱਚ ਮਿਲਾ ਕੇ ਕਰੋ। ਚਿੱਟੀ ਮੱਖੀ ਤੇ ਇਸ ਤੋਂ ਪੈਦਾ ਹੋਈ ਕਾਲਖ ਦੀ ਰੋਕਥਾਮ ਦੇ ਲਈ 1000 ਮਿਲੀਲੀਟਰ ਫਾਸਮਾਈਟ 50 ਤਾਕਤ ਐਲ 1250 ਮਿਲੀਲੀਟਰ ਜ਼ੀਰਮ 27 ਤਾਕਤ ਨੂੰ ਮਿਲਾਕੇ 500 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਅਗਸਤ, ਸਤੰਬਰ ਅਤੇ ਅਕਤੂਬਰ ਦੌਰਾਨ ਛਿੜਕਾਅ ਕਰੋ।

ਐੱਸ ਕੇ ਥਿੰਦ ਅਤੇ ਅੰਜੂ ਬਾਲਾ,
ਪੌਦਿਆਂ ਦਾ ਹਸਪਤਾਲ,
ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ

ਪੰਜਾਬੀ ਪੱਤਰਕਾਰੀ ਦਾ ਸ਼ਿੰਗਾਰ

ਸ਼ਿੰਗਾਰਾ ਸਿੰਘ ਭੁੱਲਰ

ਡਾ. ਰਣਜੀਤ ਸਿੰਘ

ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਇਕ ਵਿਸ਼ੇਸ਼ ਖਿੱਚ ਸੀ। ਵੱਡਾ ਪੱਤਰਕਾਰ ਹੋਣ ਤੇ ਮਾਣ ਤਾਂ ਸੀ ਪਰ ਹੰਕਾਰ ਨਹੀਂ ਸੀ। ਜਦੋਂ ਵੀ ਲੁਧਿਆਣੇ ਆਉਂਦੇ ਪਿਆਰ ਨਾਲ ਮਿਲ ਕੇ ਜਾਂਦੇ। ਪੰਜਾਬੀ ਪੱਤਰਕਾਰੀ ਵਿੱਚ ਉਨ੍ਹਾਂ ਦਾ ਮਹਾਨ ਯੋਗਦਾਨ ਹੈ। ਉਨ੍ਹਾਂ ਸਾਰੀ ਉਮਰ ਇਸੇ ਦੇ ਲੇਖੇ ਲਾਈ। ਪੰਜਾਬੀਆਂ ਨੂੰ ਪੰਜਾਬੀ ਅਖ਼ਬਾਰਾਂ ਪੜ੍ਹਨ ਦੀ ਚੇਟਕ ਲਾਈ। ਉਨ੍ਹਾਂ ਵਿੱਚ ਸੱਚ ਲਿਖਣ ਦੀ ਦਲੇਰੀ ਸੀ। ਬੋਲੀ ਵਿੱਚ ਸਾਦਗੀ ਅਤੇ ਮਿਠਾਸ ਸੀ। ਉਨ੍ਹਾਂ ਦੇ ਸੰਪਾਦਕੀ ਲੇਖ ਪੜ੍ਹ ਕੇ ਮੌਜੂਦਾ ਸਮੇਂ ਬਾਰੇ ਜਾਣਕਾਰੀ ਹੀ ਨਹੀਂ ਮਿਲਦੀ ਸਗੋਂ ਰੌਚਿਕਤਾ ਪੜ੍ਹਨ ਲਈ ਆਕਰਸ਼ਿਤ ਕਰਦੀ ਸੀ। ਆਖਿਆ ਜਾਂਦਾ ਹੈ ਕਿ ਪ੍ਰਮਾਤਮਾ ਹਰੇਕ ਪ੍ਰਾਣੀ ਦੀ ਕੋਈ ਜ਼ੁੰਮੇਵਾਰੀ ਲਗਾ ਕੇ ਇਸ ਸੰਸਾਰ ਵਿੱਚ ਭੇਜਦਾ ਹੈ। ਭੁੱਲਰ ਸਾਹਿਬ ਨੇ ਆਪਣੀ ਜ਼ੁੰਮੇਵਾਰੀ ਤੇਜ਼ੀ ਨਾਲ ਪੂਰੀ ਕੀਤੀ ਤੇ ਪ੍ਰਮਾਤਮਾ ਨੇ ਉਨ੍ਹਾਂ ਨੂੰ ਵਾਪਸ ਬੁਲਾ ਲਿਆ। ਉਨ੍ਹਾਂ ਦੀ ਕਲਮ ਤੋਂ ਪਾਠਕਾਂ ਨੂੰ ਅਜੇ ਬਹੁਤ ਉਮੀਦਾਂ ਸਨ ਪਰ ਉਸ ਦਾ ਹੁਕਮ ਅਤੇ ਭਾਣਾ ਤਾਂ ਮੰਨਣਾ ਹੀ ਪੈਂਦਾ ਹੈ। ਪੰਜਾਬੀ ਪੱਤਰਕਾਰੀ ਬਾਰੇ ਜਦੋਂ ਵੀ ਚਰਚਾ ਹੋਵੇਗੀ ਤਾਂ ਸ਼ਿੰਗਾਰਾ ਸਿੰਘ ਭੁੱਲਰ ਨੂੰ ਜ਼ਰੂਰ ਯਾਦ ਕੀਤਾ ਜਾਵੇਗਾ ਕਿਉਂਕਿ ਉਹ ਸੱਚਮੁੱਚ ਪੰਜਾਬੀ ਪੱਤਰਕਾਰੀ ਦਾ ਸ਼ਿੰਗਾਰ ਸਨ।

ਸ਼ਿੰਗਾਰਾ ਸਿੰਘ ਭੁੱਲਰ ਨਾਲ ਮੇਰੀ ਪਹਿਲੀ ਮੁਲਾਕਾਤ ਪੰਜਾਬੀ ਟ੍ਰਿਬਿਊਨ ਦੇ ਦਫ਼ਤਰ ਵਿੱਚ ਹੋਈ। ਉਦੋਂ ਉਹ ਉਥੇ ਸਹਾਇਕ ਸੰਪਾਦਕ ਸਨ। ਉਹ ਇੱਕ ਵਧੀਆ ਪੱਤਰਕਾਰ ਸਨ, ਇਸ ਤੋਂ ਵੀ ਅੱਗੇ ਉਹ ਇੱਕ ਵਧੀਆ ਇਨਸਾਨ ਸਨ। ਜਦੋਂ ਅਸੀਂ ਪਹਿਲੀ ਵਾਰ ਮਿਲੇ ਤਾਂ ਇੰਝ ਮਹਿਸੂਸ ਹੋਇਆ ਜਿਵੇਂ ਆਪਾਂ ਪੁਰਾਣੇ ਦੋਸਤ ਹੋਈਏ। ਉੱਚਾ ਕੱਦ, ਚਿਹਰੇ ਉੱਤੇ ਮੁਸਕਰਾਹਟ ਅਤੇ ਸ਼ਬਦਾਂ ਵਿੱਚ ਮਿਠਾਸ, ਹਮੇਸ਼ਾਂ ਚੜ੍ਹਦੀਕਲਾ ਵਿੱਚ ਰਹਿਣ ਵਾਲਾ ਇਨਸਾਨ ਸੀ। ਮੈਂ ਵਿਦੇਸ਼ੋਂ ਵਾਪਸ ਆ ਕੇ ਪਹਿਲੀ ਵਾਰ ਹਮਦਰਦ ਸਾਹਿਬ ਨੂੰ ਮਿਲਣ ਗਿਆ ਸੀ। ਉਹ ਆਪਣੇ ਸੁਭਾਅ ਅਨੁਸਾਰ ਬਹੁਤ ਹੀ ਪਿਆਰ ਨਾਲ ਮਿਲੇ, ਵਿਦੇਸ਼ ਬਾਰੇ ਗੱਲਾਂ ਹੋਈਆਂ। ਮੇਰਾ ਬਹੁਤ ਸਮਾਂ ਮੱਧ ਪੂਰਬ ਏਸ਼ੀਆ ਵਿੱਚ ਹੀ ਬੀਤਿਆ ਸੀ ਅਤੇ ਮੈਂ ਉੱਥੋਂ ਲਗਾਤਾਰ ਹਰ ਮਹੀਨੇ ਲੇਖ ਭੇਜਦਾ ਰਿਹਾ ਸਾਂ। ਜਦੋਂ ਵਾਪਸ ਜਾਣ ਦੀ ਆਗਿਆ ਮੰਗੀ ਤਾਂ ਉਹ ਮੈਨੂੰ ਆਖਣ ਲੱਗੇ ਚਲੋ ਆਪਣੇ ਸਟਾਫ਼ ਨਾਲ ਮਿਲਾਵਾਂ। ਨਾਲ ਦੇ ਕਮਰੇ ਵਿੱਚ ਦਲਬੀਰ ਉਸ ਸਾਡੇ ਕੋਲ ਕੁੱਝ ਸਮਾਂ ਬਤੌਰ ਪੰਜਾਬੀ ਸੰਪਾਦਕ ਕੰਮ ਕੀਤਾ ਸੀ। ਕਰਮਜੀਤ ਸਿੰਘ ਸਾਡਾ ਵਿਦਿਆਰਥੀ ਵੀ ਸੀ ਤੇ ਮੁੜ ਦੋਸਤ ਬਣ ਗਿਆ। ਸ਼ਿੰਗਾਰਾ ਸਿੰਘ ਭੁੱਲਰ, ਹਰਭਜਨ ਹਲਵਾਈ ਤੇ ਅਮੀਰਕ ਬਣਵੈਤ ਹੋਰਾਂ ਨੂੰ ਪਹਿਲੀ ਵਾਰ ਮਿਲਿਆ ਸਾਂ। ਪਰ ਸਾਰੇ ਇੰਝ ਮਿਲੇ ਜਿਵੇਂ ਅਸੀਂ ਚਿਰਾਂ ਤੋਂ ਇੱਕ ਦੂਜੇ ਨੂੰ ਜਾਣਦੇ ਹੋਈਏ। ਜਦੋਂ ਮੈਂ ਵਾਪਸ ਆਉਣ ਲੱਗਾ ਤਾਂ ਭੁੱਲਰ ਸਾਹਿਬ ਆਖਣ ਲੱਗੇ, "ਆ ਜਾਵੋ ਕੁਝ ਦੇਰ ਸਾਡੇ ਕੋਲ ਵੀ ਬੈਠੋ" ਅਸੀਂ ਉਨ੍ਹਾਂ ਦੇ ਕੈਬਿਨ ਵਿੱਚ ਚਲੇ ਗਏ। ਉਹ ਚਾਹ ਦਾ ਆਰਡਰ ਦੇਣ ਲੱਗੇ ਤਾਂ ਮੈਂ ਆਖਿਆ, "ਸੰਪਾਦਕ ਸਾਹਿਬ ਕੋਲੋਂ ਪੀ ਕੇ ਆਇਆ ਹਾਂ" ਉਹ ਤਾਂ ਸੰਪਾਦਕ ਸਾਹਿਬ ਦੀ ਚਾਹ ਸੀ, ਹੁਣ ਦੋਸਤਾਂ ਦੀ ਚਾਹ ਵੀ ਪੀਣੀ ਚਾਹੀਦੀ ਹੈ ਨਾਲ ਹੀ ਵੇਸਣ ਦਾ ਆਰਡਰ ਵੀ ਦੇ ਦਿੱਤਾ। ਮੈਂ ਆਖਿਆ ਵੇਸਣ ਦੀ ਕੋਈ ਲੋੜ ਨਹੀਂ ਹੈ। ਤਾਂ ਆਖਣ ਲੱਗੇ, "ਸਾਡੀ ਕੰਟੀਨ ਦਾ ਸਪੈਸ਼ਲ ਵੇਸਣ ਹੈ, ਖਾ ਕੇ ਦੇਖਿਓ।" ਮੇਰਾ ਬਹੁਤਾ ਸਮਾਂ ਇਰਾਕ ਵਿੱਚ ਬੀਤਿਆ ਸੀ, ਉਹ ਮੈਥੋਂ ਉੱਥੋਂ ਬਾਰੇ ਪੁੱਛਣ ਲੱਗੇ। ਗੱਲਾਂ-ਗੱਲਾਂ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਬਾਰੇ ਗੱਲ ਚਲ ਪਈ। ਮੈਂ ਦੱਸਿਆ ਕਿਵੇਂ ਉਨ੍ਹਾਂ ਮੈਨੂੰ ਬਾਹਰ ਜਾਣ ਲਈ ਉਤਸ਼ਾਹਿਤ ਕੀਤਾ ਸੀ। ਭੁੱਲਰ ਸਾਹਿਬ ਨੇ ਦੱਸਿਆ ਕਿ ਉਹ ਵੀ ਸ਼ਾਮ ਨੂੰ ਉਨ੍ਹਾਂ ਕੋਲ ਚਲੇ ਜਾਂਦੇ ਹਨ। ਡਾ. ਰੰਧਾਵਾ ਉਦੋਂ ਆਪਣੀ ਜੀਵਨੀ ਲਿਖ ਰਹੇ ਸਨ। ਹਮਦਰਦ ਹੋਰਾਂ ਭੁੱਲਰ ਦੀ ਇਸ ਕੰਮ ਲਈ ਡਿਊਟੀ ਲਗਵਾਈ ਸੀ। ਇੱਥੇ ਇਹ ਦੱਸਣਾ ਵੀ ਉਚਿਤ ਹੋਵੇਗਾ ਜਦੋਂ ਰੰਧਾਵਾ ਸਾਹਿਬ ਟ੍ਰਿਬਿਊਨ ਟਰੱਸਟ ਦੇ ਟਰਸਟੀ ਬਣੇ ਤਾਂ ਉਨ੍ਹਾਂ ਪੰਜਾਬੀ ਟ੍ਰਿਬਿਊਨ ਸ਼ੁਰੂ ਕਰਵਾਇਆ। ਬਰਜਿੰਦਰ ਸਿੰਘ ਹਮਦਰਦ ਦੀ ਬਤੌਰ ਸੰਪਾਦਕ ਵੀ ਉਨ੍ਹਾਂ ਹੀ ਚੋਣ ਕੀਤੀ ਸੀ। ਹਮਦਰਦ ਤੇ ਉਨ੍ਹਾਂ ਦੀ ਟੀਮ ਨੇ ਅਖ਼ਬਾਰ ਨੂੰ ਕੁਝ ਸਮੇਂ ਵਿੱਚ ਹੀ ਪੰਜਾਬੀ ਦੀ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਅਖ਼ਬਾਰ ਬਣਾ ਦਿੱਤਾ ਸੀ।

ਹੁਣ ਤਾਂ ਲਗਭਗ ਹਰੇਕ ਮਹੀਨੇ ਭੁੱਲਰ ਸਾਹਿਬ ਨਾਲ ਗੱਲਬਾਤ ਹੁੰਦੀ। ਅਸੀਂ ਦੇਸ਼ ਅਤੇ ਸੰਸਾਰ ਦੀ ਮੌਜੂਦਾ ਰਾਜਨੀਤੀ ਬਾਰੇ ਵੀ ਵਿਚਾਰ ਕਰਦੇ। ਹਮਦਰਦ ਸਾਹਿਬ ਪਿੱਛੋਂ ਗੁਲਜ਼ਾਰ ਸਿੰਘ ਸੰਧੂ ਸੰਪਾਦਕ ਬਣੇ। ਉਹ ਪੀ. ਏ. ਯੂ. ਦੇ ਸੰਚਾਰ ਕੇਂਦਰ ਦੇ ਮੁਖੀ ਰਹੇ ਸਨ ਅਤੇ ਉਹ ਕੁਰਸੀ ਮੈਨੂੰ ਸੌਂਪ ਕੇ ਹੀ ਇੱਥੇ ਆਏ ਸਨ। ਮੁੜ ਹਲਵਾਈ ਸਾਹਿਬ ਨਾਲ ਤਾਂ ਘਰ ਵਰਗੇ ਸੰਬੰਧ ਸਨ, ਪਰ ਚਾਹ ਭੁੱਲਰ ਸਾਹਿਬ ਨਾਲ ਹੀ ਪੀ ਕੇ ਮਜ਼ਾ ਆਉਂਦਾ ਸੀ। ਮਹੀਨੇ ਵਿੱਚ ਮੇਰਾ ਇੱਕ ਗੇੜਾ ਤਾਂ ਚੰਡੀਗੜ੍ਹ ਦਾ ਲੱਗ ਹੀ ਜਾਂਦਾ ਸੀ।

ਜਦੋਂ ਅਖ਼ਬਾਰ ਦੀ ਵਾਗਡੋਰ ਭੁੱਲਰ ਸਾਹਿਬ ਨੂੰ ਸੌਂਪੀ ਗਈ, ਉਦੋਂ ਅਖ਼ਬਾਰ ਦੀ ਸਥਿਤੀ ਬਹੁਤੀ ਵਧੀਆ ਨਹੀਂ ਸੀ। ਪੰਜਾਬ ਦੇ ਵਿਗੜੇ ਹਾਲਾਤ ਦਾ ਅਖ਼ਬਾਰ ਉੱਤੇ ਅਸਰ ਪੈਣਾ ਸੁਭਾਵਿਕ ਸੀ। ਭੁੱਲਰ ਸਾਹਿਬ ਲਈ ਇਹ ਇੱਕ ਚੁਣੌਤੀ ਸੀ। ਉਨ੍ਹਾਂ ਪਾਠਕਾਂ ਦੇ ਵਿਚਕਾਰ ਜਾਣ ਲਈ ਮੀਟਿੰਗਾਂ ਦੀ ਲੜੀ ਸ਼ੁਰੂ ਕੀਤੀ। ਲੁਧਿਆਣੇ ਦੀ ਮੀਟਿੰਗ ਪੰਜਾਬੀ ਭਵਨ ਵਿੱਚ ਹੋਈ, ਜਿਥੇ ਸਤਬੀਰ ਸਿੰਘ ਹੋਰਾਂ ਦੀ ਹਿੰਮਤ ਸਦਕਾ ਰਾਜਸੀ, ਧਾਰਮਿਕ ਅਤੇ ਹੋਰ ਪ੍ਰਸਿੱਧ ਵਿਅਕਤੀਆਂ ਦਾ ਚੋਖਾ ਇਕੱਠ ਸੀ। ਸਭਨਾਂ ਆਪੋ-ਆਪਣੇ ਵਿਚਾਰ ਸਾਂਝੇ ਕੀਤੇ। ਅਖੀਰ ਵਿੱਚ ਮੈਨੂੰ ਧੰਨਵਾਦ ਦੇ ਸ਼ਬਦ ਬੋਲਣ ਲਈ ਆਖਿਆ ਗਿਆ। ਮੈਂ ਜਦੋਂ ਸਟੇਜ ਉੱਤੇ ਚੜ੍ਹਿਆ ਤਾਂ ਭੁੱਲਰ ਸਾਹਿਬ ਦਾ ਹੁਕਮ ਸੀ, "ਡਾਕਟਰ ਸਾਹਿਬ ਪਹਿਲਾਂ ਆਪਣੇ ਸੁਝਾਵ ਦੇਵੋ, ਫਿਰ ਧੰਨਵਾਦ ਕਰਨਾ। ਕੁਝ ਸੁਝਾਅ ਮੈਂ ਦਿੱਤੇ ਨਾਲ ਹੀ ਬੇਨਤੀ ਕੀਤੀ ਕਿ ਸਮੇਂ ਨੂੰ ਵੇਖਦਿਆਂ ਹੋਇਆਂ ਬਾਕੀ ਵਿਚਾਰ ਆਪਾਂ ਰੋਟੀ ਵੇਲੇ ਸਾਂਝੇ ਕਰ ਲਵਾਂਗੇ। ਲੰਚ ਵੇਲੇ ਵੀ ਚੋਖਾ ਵਿਚਾਰ-ਵਟਾਂਦਰਾ ਹੋਇਆ। ਲੋਕਾਂ ਤੋਂ ਪ੍ਰਾਪਤ ਸੁਝਾਵਾਂ ਦੇ ਆਧਾਰ ਉੱਤੇ ਉਨ੍ਹਾਂ ਅਖ਼ਬਾਰ ਵਿੱਚ ਕਈ ਤਬਦੀਲੀਆਂ ਕਰਕੇ ਮੁੜ ਇਸ ਨੂੰ ਆਪਣੇ ਪੈਰਾਂ ਉੱਤੇ ਖੜ੍ਹੇ ਕਰਨ ਦਾ ਸਫਲ ਯਤਨ ਕੀਤਾ। ਭੁੱਲਰ ਸਾਹਿਬ ਸਦਕਾ ਪੰਜਾਬੀ ਟ੍ਰਿਬਿਊਨ ਲਈ ਜਿਤਨਾ ਮੈਂ ਲਿਖਿਆ ਤੇ ਛਪਿਆ ਹੈ, ਸ਼ਾਇਦ ਹੀ ਕਿਸੇ ਹੋਰ ਨੂੰ ਅਜੇਹਾ ਮੌਕਾ ਮਿਲਿਆ ਹੋਵੇ। ਆਪਣੀ ਪਾਰੀ ਪੂਰੀ ਕਰਨ ਪਿੱਛੋਂ ਭੁੱਲਰ ਸਾਹਿਬ ਆਪਣੇ ਘਰ ਰਹਿਣ ਲੱਗੇ। ਫੋਨ ਤੇ ਗੱਲਬਾਤ ਹੋਈ ਤਾਂ ਆਖਣ ਲੱਗੇ ਮਿਲਣਾ ਘੱਟ ਨਾ ਕਰਨਾ ਭਾਵੇਂ ਕਿ ਮੇਰੇ ਕੋਲ ਅਖ਼ਬਾਰ ਨਹੀਂ ਹੈ। ਮੇਰੇ ਮੂੰਹੋਂ ਨਿਕਲ ਗਿਆ ਕਿ ਭੁੱਲਰ ਸਾਹਿਬ ਤੁਹਾਨੂੰ ਕਿਸੇ ਵਿਹਲੇ ਨਹੀਂ ਬੈਠਣ ਦੇਣਾ, ਛੇਤੀ ਹੀ ਸੰਪਾਦਕ ਦੀ ਕੁਰਸੀ ਪ੍ਰਾਪਤ ਹੋਵੇਗੀ।

ਮੇਰੀ ਸਹਿਜ ਸੁਭਾਅ ਆਖੀ ਗੱਲ ਛੇਤੀ ਹੀ ਪੂਰੀ ਹੋ ਗਈ। ਕੁਝ ਐਨ ਆਰ ਆਈ ਸੱਜਣਾਂ ਨੇ ਲੁਧਿਆਣੇ ਤੋਂ ਰੋਜ਼ਾਨਾ ਪੰਜਾਬੀ ਅਖ਼ਬਾਰ ਸ਼ੁਰੂ ਕਰਨ ਦਾ ਫੈਸਲਾ ਕੀਤਾ। ਦਾਖਾ ਵਿਖੇ ਆਪਣੀ ਪ੍ਰੈਸ ਲਗਾਈ, ਭਾਰਤ ਨਗਰ ਚੌਂਕ ਵਿੱਚ ਦਫ਼ਤਰ ਬਣਿਆ ਅਤੇ ਸਟਾਫ ਦੀ ਭਰਤੀ ਸ਼ੁਰੂ ਹੋਈ। ਸੰਪਾਦਕ ਦੀ ਭਾਲ ਸਮੇਂ ਮੁੜ ਭੁੱਲਰ ਸਾਹਿਬ ਪ੍ਰਵਾਨ ਕੀਤੇ ਗਏ। ਜਦੋਂ ਉਹ ਪਹਿਲੀ ਵਾਰ ਲੁਧਿਆਣਾ ਆਏ ਤਾਂ ਫੋਨ ਆਇਆ, "ਡਾਕਟਰ ਸਾਹਿਬ ਤੁਹਾਡਾ ਆਖਣਾ ਪੂਰਾ ਹੋ ਗਿਆ ਹੈ। ਮੈਂ ਨਵੀਂ ਅਖ਼ਬਾਰ ਦਾ ਸੰਪਾਦਕ ਬਣ ਗਿਆ ਹਾਂ, ਆ ਕੇ ਦਰਸ਼ਨ ਦੇਵੋ।" ਮੈਂ ਦਫਤਰ ਗਿਆ, ਬਹੁਤ ਹੀ ਪਿਆਰ ਨਾਲ ਮਿਲ ਕੇ ਮੈਨੂੰ ਲਿਖਣ ਲਈ ਹੁਕਮ ਕੀਤਾ। ਆਖਣ ਲੱਗੇ, ਮੈਂ ਤੁਹਾਡੇ ਆਰਟੀਕਲ ਨਾਲ ਹੀ ਪਹਿਲਾ ਅੰਕ ਸ਼ੁਰੂ ਕਰਾਂਗਾ। ਅਖ਼ਬਾਰ ਨੂੰ ਵਧੀਆ ਹੁੰਗਾਰਾ ਮਿਲਣ ਲੱਗ ਪਿਆ ਸੀ, ਪਰ ਮਾਲਕਾਂ ਨੇ ਕੁਝ ਮਹੀਨਿਆਂ ਪਿੱਛੋਂ ਹੀ ਅਖ਼ਬਾਰ ਬੰਦ ਕਰਨ ਦਾ ਫੈਸਲਾ ਕਰ ਲਿਆ। ਭੁੱਲਰ ਸਾਹਿਬ ਨੇ ਜ਼ੁੰਮੇਵਾਰੀ ਵੀ ਲਈ ਕਿ ਅਖ਼ਬਾਰ ਆਪਣਾ ਖਰਚਾ ਆਪ ਚੁੱਕੇਗੀ ਪਰ ਆਪਸੀ ਵਖਰੇਵਿਆਂ ਕਾਰਨ ਅਖ਼ਬਾਰ ਬੰਦ ਹੋ ਗਿਆ।

ਕੁਝ ਸਾਲਾਂ ਪਿੱਛੋਂ ਇਕ ਦਿਨ ਉਨ੍ਹਾਂ ਦਾ ਫੋਨ ਆਇਆ, "ਜਾਗਰਣ ਗਰੁੱਪ ਨੇ ਪੰਜਾਬੀ ਜਾਗਰਣ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਮੈਨੂੰ ਫਿਰ ਤੁਹਾਡੇ ਸਹਿਯੋਗ ਦੀ ਲੋੜ ਹੈ। ਮੈਂ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਲੇਖ ਭੇਜਣ ਦਾ ਵਾਇਦਾ ਕੀਤਾ, ਉਨ੍ਹਾਂ ਵੀ ਆਪਣੇ ਬਚਨਾਂ ਦੀ ਪਾਲਣਾ ਕੀਤੀ ਤੇ ਪਹਿਲੇ ਅੰਕ ਵਿੱਚ ਮੁੱਖ ਲੇਖ ਮੇਰਾ ਛਾਪਿਆ ਸੀ - 'ਚੜ੍ਹਦੀ ਕਲਾ ਦਾ ਮੰਤਰ'। ਇਹ ਲੇਖ ਮੈਨੂੰ ਹੁਣ ਤੱਕ ਯਾਦ ਹੈ। ਹਰ ਮਹੀਨੇ ਘੱਟੋ-ਘੱਟ ਦੋ ਲੇਖ ਚਾਹੀਦੇ ਹਨ, ਇਹ ਉਨ੍ਹਾਂ ਦਾ ਹੁਕਮ ਸੀ। ਇਸ ਹੁਕਮ ਦੀ ਪਾਲਣਾ ਮੈਂ ਅੱਜ ਤੱਕ ਕਰਦਾ ਆ ਰਿਹਾ ਹਾਂ। ਦੋ ਨਹੀਂ ਤਾਂ ਘੱਟੋ-ਘੱਟ ਇੱਕ ਲੇਖ ਹਰ ਮਹੀਨੇ ਜ਼ਰੂਰ ਛਪਦਾ ਹੈ। ਪੰਜਾਬੀ ਜਾਗਰਣ ਦੇ ਇੱਕ ਸਾਲ ਪੂਰਾ ਹੋਣ ਉੱਤੇ ਜਲੰਧਰ ਦੇ ਪੀ. ਏ. ਪੀ. ਗਰਾਊਂਡ ਵਿੱਚ ਵੱਡਾ ਸਮਾਗਮ ਕੀਤਾ ਗਿਆ, ਜਿਸ ਵਿੱਚ ਗੁਰਦਾਸ ਮਾਨ ਅਤੇ ਕਈ ਹੋਰ ਕਲਾਕਾਰ ਸ਼ਾਮਿਲ ਹੋਏ। ਇਸ ਸਮਾਗਮ ਵਿੱਚ ਕਈਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਸੂਚੀ ਵਿੱਚ ਮੇਰਾ ਅਤੇ ਮੇਰੇ ਸਹਿਯੋਗੀ ਡਾ. ਫ਼ਕੀਰ ਚੰਦ ਸ਼ੁਕਲਾ ਦਾ ਵੀ ਨਾਮ ਸੀ। ਭੁੱਲਰ ਦਾ ਹਾਜਰ ਹੋਣ ਲਈ ਫੋਨ ਆਇਆ। ਮੈਂ ਆਪਣੀ ਬੇਬਸੀ ਜਾਹਿਰ ਕੀਤੀ ਕਿ ਰਾਤ ਦੇ ਇਸ ਸਮਾਗਮ ਵਿੱਚ ਆਉਣਾ ਮੁਸ਼ਕਿਲ ਹੋਵੇਗਾ। ਉਨ੍ਹਾਂ ਦਾ ਵੱਡਪਣ ਦੇਖੋ, ਉਨ੍ਹਾਂ ਆਖਿਆ, "ਤੁਸੀਂ ਫਿਕਰ ਨਾ ਕਰੋ, ਸਾਡੀ ਗੱਡੀ ਤੁਹਾਨੂੰ ਲੈ ਕੇ ਜਾਵੇਗੀ ਅਤੇ ਛੱਡ ਕੇ ਵੀ ਆਵੇਗੀ। ਉਦੋਂ ਅਖ਼ਬਾਰ ਦਾ ਦਫ਼ਤਰ ਸਰਾਭਾ ਨਗਰ ਦੀ ਮਾਰਕੀਟ ਵਿੱਚ ਸੀ। ਮਿਸਟਰ ਸੈਣੀ ਇੰਚਾਰਜ ਪੱਤਰਕਾਰ ਸਨ। ਉਨ੍ਹਾਂ ਨੇ ਮੇਰਾ ਅਤੇ ਫ਼ਕੀਰ ਚੰਦ ਦਾ ਜਲੰਧਰ ਜਾਣ ਦਾ ਪ੍ਰਬੰਧ ਕੀਤਾ। ਸਨਮਾਨ ਸਮਾਗਮ ਪਿੱਛੋਂ ਜਦੋਂ ਰੰਗਾ-ਰੰਗ ਪ੍ਰੋਗਰਾਮ ਸ਼ੁਰੂ ਹੋਇਆ ਤਾਂ ਅਸੀਂ ਵਾਪਸ ਜਾਣ ਦੀ ਆਗਿਆ ਮੰਗੀ। ਉਨ੍ਹਾਂ ਦੀ ਗੱਡੀ ਸਾਨੂੰ ਘਰ ਛੱਡ ਕੇ ਹੀ ਨਹੀਂ ਗਈ, ਸਗੋਂ ਪਹਿਲਾਂ ਹਵੇਲੀ ਵਿਖੇ ਡਿਨਰ ਵੀ ਕਰਵਾਇਆ।

ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਇੱਕ ਵਿਸ਼ੇਸ਼ ਖਿੱਚ ਸੀ। ਵੱਡਾ ਪੱਤਰਕਾਰ ਹੋਣ 'ਤੇ ਮਾਣ ਤਾਂ ਸੀ, ਪਰ ਹੰਕਾਰ ਨਹੀਂ ਸੀ। ਜਦੋਂ ਵੀ ਲੁਧਿਆਣੇ ਆਉਂਦੇ, ਪਿਆਰ ਨਾਲ ਮਿਲ ਕੇ ਜਾਂਦੇ। ਪੰਜਾਬੀ ਪੱਤਰਕਾਰੀ ਵਿੱਚ ਉਨ੍ਹਾਂ ਦਾ ਮਹਾਨ ਯੋਗਦਾਨ ਹੈ। ਉਨ੍ਹਾਂ ਸਾਰੀ ਉਮਰ ਇਸੇ ਦੇ ਲੇਖੇ ਲਾਈ। ਪੰਜਾਬੀਆਂ ਨੂੰ ਪੰਜਾਬੀ ਅਖ਼ਬਾਰਾਂ ਪੜ੍ਹਨ ਦੀ ਚੇਟਕ ਲਾਈ। ਉਨ੍ਹਾਂ ਵਿੱਚ ਸੱਚ ਲਿਖਣ ਦੀ ਦਲੇਰੀ ਸੀ। ਬੋਲੀ ਵਿੱਚ ਸਾਦਗੀ ਅਤੇ ਮਿਠਾਸ ਸੀ। ਉਨ੍ਹਾਂ ਦੇ ਸੰਪਾਦਕੀ ਲੇਖ ਪੜ੍ਹ ਕੇ ਮੌਜੂਦਾ ਸਮੇਂ ਬਾਰੇ ਜਾਣਕਾਰੀ ਹੀ ਨਹੀਂ ਮਿਲਦੀ ਸਗੋਂ ਰੌਚਿਕਤਾ ਪੜ੍ਹਨ ਲਈ ਆਕਰਸ਼ਿਤ ਕਰਦੀ ਸੀ। ਆਖਿਆ ਜਾਂਦਾ ਹੈ ਕਿ ਪ੍ਰਮਾਤਮਾ ਹਰੇਕ ਪ੍ਰਾਣੀ ਦੀ ਕੋਈ ਜ਼ੁੰਮੇਵਾਰੀ ਲਗਾ ਕੇ ਇਸ ਸੰਸਾਰ ਵਿੱਚ ਭੇਜਦਾ ਹੈ। ਭੁੱਲਰ ਸਾਹਿਬ ਨੇ ਆਪਣੀ ਜ਼ੁੰਮੇਵਾਰੀ ਤੇਜ਼ੀ ਨਾਲ ਪੂਰੀ ਕੀਤੀ ਅਤੇ ਪ੍ਰਮਾਤਮਾ ਨੇ ਉਨ੍ਹਾਂ ਨੂੰ ਵਾਪਸ ਬੁਲਾ ਲਿਆ। ਉਨ੍ਹਾਂ ਦੀ ਕਲਮ ਤੋਂ ਪਾਠਕਾਂ ਨੂੰ ਅਜੇ ਬਹੁਤ ਉਮੀਦਾਂ ਸਨ, ਪਰ ਉਸ ਦਾ ਹੁਕਮ ਅਤੇ ਭਾਣਾ ਤਾਂ ਮੰਨਣਾ ਹੀ ਪੈਂਦਾ ਹੈ। ਪੰਜਾਬੀ ਪੱਤਰਕਾਰੀ ਬਾਰੇ ਜਦੋਂ ਵੀ ਚਰਚਾ ਹੋਵੇਗੀ ਤਾਂ ਸ਼ਿੰਗਾਰਾ ਸਿੰਘ ਭੁੱਲਰ ਨੂੰ ਜ਼ਰੂਰ ਯਾਦ ਕੀਤਾ ਜਾਵੇਗਾ, ਕਿਉਂਕਿ ਉਹ ਸੱਚਮੁੱਚ ਪੰਜਾਬੀ ਪੱਤਰਕਾਰੀ ਦਾ ਸ਼ਿੰਗਾਰ ਸਨ।

ਸੋਚੋ ! ਜੇ ਖੇਤੀ ਸਰਕਾਰੀ ਹੁੰਦੀ

ਫ਼ਸਲ ਲਈ ਖੇਤ ਨਾ ਓ ਤਿਆਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਕੀਹਨੇ ਰਾਤਾਂ ਨੂੰ ਜਾਗ ਪਾਣੀ ਲਾਉਣਾ ਸੀ ?
ਕੀਹਨੇ ਤੜਕੇ ਉੱਠ ਹਲ ਵਾਹੁਦਾ ਸੀ ?
ਕਿਸਾਨ ਨੂੰ ਮਿਲੀ ਤਨਖਾਹ, ਜੇ ਸਰਕਾਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਕੀਹਨੇ ਝੋਨੇ ਵਿੱਚ ਮਰੇ ਹੋਏ, ਡਲ ਲਾਉਣੇ ਸੀ ?
ਕੀਹਨੇ ਡੀਲੇ, ਸਮੌਖ ਦੇ ਬੂਝੈ, ਕੱਢ ਆਉਣੇ ਸੀ ?
ਨਾ ਸਮੇਂ 'ਤੇ ਛਿੜਕਾਅ, ਕੀਟ ਨਾ ਕਦੇ ਮਾਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਕੀਹਨੇ ਸਮੇਂ 'ਤੇ ਖਾਦਾਂ ਪਾਉਣੀਆਂ ਸੀ ?
ਹੌਲੀ-ਹੌਲੀ ਕਰ, ਕਰਨੀਆਂ ਰੌਣੀਆਂ ਸੀ ।
ਖਾਦਾਂ ਪਾ ਵੀ ਚਾਹੇ, ਫ਼ਸਲ ਮਾੜੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਕੀਹਨੇ ਵੱਟਾਂ ਤੋਂ ਘਾਹ ਖੋਤਣਾ ਸੀ ?
ਕੀਹਨੇ ਬਲਦਾਂ ਨੂੰ ਫਿਰ ਜੋਤਣਾ ਸੀ ?
ਦੁਪਹਿਰੇ ਖੇਤ ਜਾਣਾ, ਬਿਜਲੀ ਦੀ ਵਾਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਕੀਹਨੇ ਦੁਆਲਿਓਂ, ਬੱਲੀਆਂ ਫੜ੍ਹਨੀਆਂ ਸੀ ?
ਕੀਹਨੇ ਕਣਕ ਖੁੰਝਿ, ਗੋਡੀਆਂ ਕਰਨੀਆਂ ਸੀ ?
ਬੱਲੀ ਚੁਗ-ਚੁਗ ਨਾ, ਫੇਰ ਉਸਾਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਬੰਪਰ ਫ਼ਸਲਾਂ ਨਾ ਫਿਰ ਪੈਦਾ ਹੋਣੀਆਂ ਸੀ ।
ਕਿਸਾਨੀ ਨੂੰ ਲੱਗੀਆਂ ਮੌਜਾਂ ਹੋਣੀਆਂ ਸੀ ।
ਵੇਲਾ ਪੂਰਾ ਕਰ ਕਿਸਾਨੀ, ਵਕਤ ਗੁਜ਼ਾਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਹਰਜੀਤ ਸਿੰਘ ਝੋਰੜਾਂ
ਐਮ. ਏ. ਪੰਜਾਬੀ
ਮੋ. 98726-85890

ਸਰਕਾਰੀ ਬਾਬੂਆਂ ਵਾਂਗ, ਕਿਸਾਨ ਮੰਜੇ 'ਤੇ ਪਏ ਰਹਿੰਦੇ ।
ਕਿਤੇ ਖੇਤ ਗੇੜਾ ਮਾਰ ਲੈਂਦੇ, ਕੰਮ ਦੇ ਪਰ ਫ਼ਿਕਰ ਨਾ ਰਹਿੰਦੇ ।
ਗੁੱਲੀ-ਡੰਡਾ ਨਦੀਨ, ਨਾ ਕਦੇ ਮਾਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਕੁਦਰਤੀ ਆਫ਼ਤਾਂ ਨਾਲ, ਚਾਹੇ ਫ਼ਸਲ ਨੁਕਸਾਨੀ ਜਾਂਦੀ ।
ਕਿਸੇ ਅੱਗੇ ਝੋਲੀ ਅੱਡਣ, ਨਾ ਫਿਰ ਕਿਸਾਨੀ ਜਾਂਦੀ ।
ਵੱਢ ਫ਼ਸਲ ਜਿੰਨੀ ਵੀ, ਮੰਡੀ ਵਿੱਚ ਟਰਾਲੀ ਲਾਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਮੁਲਾਜ਼ਮਾਂ ਵਾਂਗ ਕਿਸਾਨੀ ਵੀ, ਡੰਗ-ਟਪਾਊ ਬਣ ਜਾਂਦੀ ।
ਫ਼ਸਲ ਬੀਜਣ ਲਈ ਖੇਤ ਦੁਆਲਾ, ਨਾ ਫਿਰ ਘੜ ਜਾਂਦੀ ।
ਫਿਰ ਖੇਤੀ ''ਹਰਜੀਤ ਝੋਰੜਾਂ'', ਫ਼ਿਕਰਾਂ ਦੀ ਨਾ ਮਾਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

ਫ਼ਸਲ ਲਈ ਖੇਤ ਨਾ, ਓ ਤਿਆਰੀ ਹੁੰਦੀ ।
ਸੋਚੋ ! ਜੇ ਖੇਤੀ ਸਰਕਾਰੀ ਹੁੰਦੀ ।

Crop® Chemicals
ਬਿਹਤਰ ਗੁਣਵੱਤਾ
ਬਿਹਤਰ ਫਸਲ
CONTACT: 8288014051 I 9216103075 I 9216103069



ਖੇਤਾਂ ਦੀ ਮਿੱਟੀ ਤੋਂ ਪ੍ਰਯੋਗਸ਼ਾਲਾ ਤੱਕ

ਖੇਤੀਬਾੜੀ ਅਤੇ ਵਿਗਿਆਨ ਦੀ ਨਵੀਂ ਇਬਾਰਤ

ਮੈਡਮ ਸ਼ੀਤੂ ਪਰਾਸ਼ਰ,
ਸਾਇੰਸ ਮਿਸਟਰੈਸ

ਜਦੋਂ ਮਿੱਟੀ ਦੀ ਖੁਸ਼ਬੂ ਨਾਲ ਸੂਰਜ ਦੀ ਪਹਿਲੀ ਕਿਰਨ ਰਲਦੀ ਹੈ, ਤਾਂ ਖੇਤਾਂ ਵਿੱਚ ਇੱਕ ਨਵੀਂ ਉਮੀਦ ਜਾਗਦੀ ਹੈ । ਮਨੁੱਖੀ ਸਭਿਅਤਾ ਦੀ ਸ਼ੁਰੂਆਤ ਤੋਂ ਹੀ ਖੇਤੀਬਾੜੀ ਸਾਡੀ ਜ਼ਿੰਦਗੀ ਦਾ ਆਧਾਰ ਰਹੀ ਹੈ, ਪਰ ਅੱਜ ਦੇ ਬਦਲਦੇ ਦੌਰ ਵਿੱਚ ਇਹ ਸਿਰਫ ਹਲ ਚਲਾਉਣ ਅਤੇ ਬੀਜ ਬੀਜਣ ਤੱਕ ਸੀਮਤ ਨਹੀਂ ਰਹੀ । ਖੇਤੀਬਾੜੀ ਵਿੱਚ ਵਿਗਿਆਨ ਦਾ ਪ੍ਰਵੇਸ਼ ਇੱਕ ਅਜਿਹਾ ਇਨਕਲਾਬ ਹੈ, ਜਿਸ ਨੇ ਰਵਾਇਤੀ ਖੇਤੀ ਦੀਆਂ ਵਲਗਣਾਂ ਨੂੰ ਤੋੜ ਕੇ ਖੇਤਾਂ ਦੀ ਉਪਜਾਊ ਸ਼ਕਤੀ ਅਤੇ ਕਿਸਾਨ ਦੀ ਸਮਰੱਥਾ ਨੂੰ ਨਵੀਆਂ ਉੱਚਾਈਆਂ 'ਤੇ ਪਹੁੰਚਾਇਆ ਹੈ ।

ਪਰੰਪਰਾਗਤ ਗਿਆਨ ਅਤੇ ਆਧੁਨਿਕ ਤਕਨਾਲੋਜੀ ਦਾ ਸੁਮੇਲ ਅੱਜ ਦੇ ਯੁੱਗ ਦੀ ਸਭ ਤੋਂ ਵੱਡੀ ਲੋੜ ਹੈ । ਪਹਿਲਾਂ ਕਿਸਾਨ ਕੇਵਲ ਮੌਸਮ ਦੇ ਮਿਜ਼ਾਜ ਅਤੇ ਆਪਣੇ ਪੁਰਖਿਆਂ ਦੇ ਤਜ਼ਰਬੇ 'ਤੇ ਨਿਰਭਰ ਹੁੰਦੇ ਸਨ, ਪਰ ਅੱਜ ਮਿੱਟੀ ਦੀ ਜਾਂਚ (Soil Testing) ਤੋਂ ਲੈ ਕੇ ਸੈਟੇਲਾਈਟ ਅਤੇ ਡਰੋਨ ਤਕਨਾਲੋਜੀ ਤੱਕ, ਵਿਗਿਆਨ ਨੇ ਖੇਤੀ ਦੇ ਹਰ ਪਹਿਲੂ ਨੂੰ ਵਧੇਰੇ ਸਟੀਕ ਅਤੇ ਲਾਹੇਵੰਦ ਬਣਾ ਦਿੱਤਾ ਹੈ । ਹੁਣ ਕਿਸਾਨ ਨੂੰ ਇਹ ਪਤਾ ਹੁੰਦਾ ਹੈ ਕਿ ਉਸ ਦੀ ਜ਼ਮੀਨ ਨੂੰ ਕਿਸ ਤੱਤ ਦੀ ਲੋੜ ਹੈ ਅਤੇ ਕਿਸ ਮਾਤਰਾ ਵਿੱਚ ਪਾਣੀ ਜਾਂ ਖਾਦ ਪਾਉਣੀ ਚਾਹੀਦੀ ਹੈ ।

ਇਹ ਆਧੁਨਿਕਤਾ ਸਿਰਫ਼ ਵੱਡੇ ਫਾਰਮਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਛੋਟੇ ਕਿਸਾਨਾਂ ਤੱਕ ਵੀ ਪਹੁੰਚ ਰਹੀ ਹੈ । ਜਿਵੇਂ ਕਿ ਅਸੀਂ ਦੇਖਦੇ ਹਾਂ, ਡਰੋਨ ਅਤੇ ਸੂਖਮ-ਸੰਚਾਈ (Drip Irrigation) ਵਰਗੀਆਂ ਤਕਨੀਕਾਂ ਨਾਲ ਖਾਦਾਂ ਅਤੇ ਪਾਣੀ ਦੀ ਬਚਤ ਹੁੰਦੀ ਹੈ, ਜਦਕਿ ਫ਼ਸਲਾਂ ਉੱਤੇ ਕੀਟਨਾਸ਼ਕਾਂ ਦਾ ਛਿੜਕਾਅ ਵਧੇਰੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹੁੰਦਾ ਹੈ ।

ਜੈਨੇਟਿਕਸ ਅਤੇ ਬਾਇਓਟੈਕਨਾਲੋਜੀ ਨੇ ਖੇਤੀਬਾੜੀ ਵਿੱਚ ਇੱਕ ਨਵੀਂ ਕ੍ਰਾਂਤੀ ਲਿਆਂਦੀ ਹੈ । ਵਿਗਿਆਨੀਆਂ ਨੇ ਅਜਿਹੇ ਬੀਜ ਵਿਕਸਿਤ ਕੀਤੇ ਹਨ ਜੋ ਨਾ ਕੇਵਲ ਕੀੜਿਆਂ-ਮਕੌੜਿਆਂ ਅਤੇ ਬੀਮਾਰੀਆਂ ਦਾ ਸਾਹਮਣਾ ਕਰ ਸਕਦੇ ਹਨ, ਸਗੋਂ ਜਲਵਾਯੂ ਪਰਿਵਰਤਨ (Climate Change) ਦੇ ਕਾਰਨ ਵਧਦੀ ਗਰਮੀ ਅਤੇ ਸੋਕੇ ਵਰਗੀਆਂ ਚੁਣੌਤੀਆਂ ਦਾ ਵੀ ਡਟ ਕੇ ਮੁਕਾਬਲਾ ਕਰਦੇ ਹਨ । ਇਸ ਨਾਲ ਫ਼ਸਲਾਂ ਦੇ ਨੁਕਸਾਨ ਦੀ ਸੰਭਾਵਨਾ ਘਟਦੀ ਹੈ ਅਤੇ ਝਾੜ ਵਿੱਚ ਚੋਖਾ ਵਾਧਾ ਹੁੰਦਾ ਹੈ ।

ਹਾਲਾਂਕਿ, ਵਿਗਿਆਨ ਦਾ ਮਤਲਬ ਕੇਵਲ ਰਸਾਇਣਾਂ ਜਾਂ ਮਸ਼ੀਨਾਂ ਦੀ ਅੰਨ੍ਹੇਵਾਹ ਵਰਤੋਂ ਨਹੀਂ ਹੈ । ਟਿਕਾਊ ਖੇਤੀ (Sustainable Farming) ਅੱਜ ਦਾ ਸਭ ਤੋਂ ਅਹਿਮ ਸੁਨੇਹਾ ਹੈ । ਵਿਗਿਆਨ ਸਾਨੂੰ ਸਿਖਾਉਂਦਾ ਹੈ ਕਿ ਅਸੀਂ ਕਿਵੇਂ ਕੁਦਰਤੀ ਸਰੋਤਾਂ- ਜਿਵੇਂ ਕਿ ਧਰਤੀ ਹੇਠਲੇ ਪਾਣੀ ਅਤੇ ਮਿੱਟੀ ਦੀ ਜੈਵਿਕ ਸ਼ਕਤੀ- ਨੂੰ ਨੁਕਸਾਨ ਪਹੁੰਚਾਏ ਬਿਨਾਂ ਭਰਪੂਰ ਫ਼ਸਲ ਲੈ ਸਕਦਾ ਹਾਂ । ਜੈਵਿਕ ਖਾਦਾਂ, ਫ਼ਸਲੀ ਚੱਕਰ ਅਤੇ ਕੁਦਰਤੀ ਕੀਟ-ਨਿਯੰਤਰਣ ਦੇ ਵਿਗਿਆਨਕ ਤਰੀਕੇ ਧਰਤੀ ਦੀ ਸਿਹਤ ਨੂੰ ਮੁੜ ਸੁਰਜੀਤ ਕਰਨ ਵਿੱਚ ਮਦਦਗਾਰ ਸਾਬਤ ਹੋ ਰਹੇ ਹਨ । ਖੇਤੀਬਾੜੀ ਵਿੱਚ ਵਿਗਿਆਨ ਦਾ ਅਸਲ ਮਨੋਰਥ ਕਿਸਾਨ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਹੈ । ਜਦੋਂ ਕਿਸਾਨ ਵਿਗਿਆਨਕ ਸੋਚ ਅਪਨਾਉਂਦਾ ਹੈ, ਤਾਂ ਉਹ ਸਿਰਫ਼ ਇੱਕ ਉਤਪਾਦਨ ਨਹੀਂ ਰਹਿੰਦਾ, ਸਗੋਂ ਇੱਕ ਸਮਾਰਟ ਉੱਦਮੀ (Smart Entrepreneur) ਬਣ ਜਾਂਦਾ ਹੈ । ਆਉਣ ਵਾਲੇ ਸਮੇਂ ਵਿੱਚ ਖੇਤੀਬਾੜੀ ਦੀ ਸਫ਼ਲਤਾ ਇਸ ਗੱਲ 'ਤੇ ਨਿਰਭਰ ਕਰੇਗੀ ਕਿ ਅਸੀਂ ਕਿੰਨੀ ਸਮਝਦਾਰੀ ਨਾਲ ਵਿਗਿਆਨਕ ਖੋਜਾਂ ਨੂੰ ਆਪਣੇ ਖੇਤਾਂ ਦੀ ਮਿੱਟੀ ਨਾਲ ਜੋੜਦੇ ਹਾਂ, ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਧਰਤੀ ਵੀ ਹਰੀ-ਭਰੀ ਰਹੇ ਅਤੇ ਅੰਨ ਦੇ ਭੰਡਾਰ ਵੀ ਭਰਪੂਰ ਰਹਿਣ ।

ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

ਝੋਨਾ : ਝੋਨੇ ਦੀ ਫ਼ਸਲ ਨੂੰ ਪਾਣੀ ਜੀਰਨ ਤੋਂ ਦੋ ਦਿਨ ਬਾਅਦ ਪਾਣੀ ਦੇਣਾ ਚਾਹੀਦਾ ਹੈ ਪਰ ਖੇਤ ਵਿੱਚ ਤਰੇੜਾਂ ਨਾ ਪੈਣ ਦਿਓ । ਰਸਾਇਣਾਂ ਅਤੇ ਖਾਦਾਂ ਦੀ ਵਰਤੋਂ ਮੌਸਮ ਸਾਫ਼ ਹੋਣ ਤੇ ਕਰੋ । ਝੋਨੇ ਦੀ ਫ਼ਸਲ ਨੂੰ ਸ਼ੀਥ ਬਲਾਇਟ ਦੇ ਹਮਲੇ ਤੋਂ ਬਚਾਉਣ ਲਈ ਵੱਟਾਂ ਬੰਨੇ ਸਾਫ ਰੱਖੋ । ਜੇਕਰ ਇਸ

ਦਾ ਹਮਲਾ ਨਜ਼ਰ ਆਵੇ ਤਾਂ 200 ਗ੍ਰਾਮ ਅਯਾਨ 48 ਡਬਲਯੂ ਜੀ ਜਾਂ 600 ਗ੍ਰਾਮ ਅਵਾਸਿਰ ਗਲੋ 75 ਡਬਲਯੂ ਜੀ ਜਾਂ 150 ਮਿਲੀਲਿਟਰ ਪਲਸਰ/ਇਗਲੇਅਰ 24 ਐਸ ਸੀ ਜਾਂ 200 ਮਿਲੀਲਿਟਰ ਐਮੀਸਟਾਰ ਟੌਪ 325 ਐਸ ਸੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਮੁੱਢਾਂ ਵੱਲ ਰੁੱਖ ਕਰਕੇ ਛਿੜਕਾਅ ਕਰੋ । ਝੂਠੀ ਕਾਂਗਿਆਰੀ ਨੂੰ ਕਾਬੂ ਕਰਨ ਲਈ ਫ਼ਸਲ ਦੇ ਗੋਭ ਵਿੱਚ ਆਉਣ ਸਮੇਂ 500 ਗ੍ਰਾਮ ਕੋਸਾਈਡ 46 ਡੀ ਐਫ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਤਣੇ ਦੇ ਗੜੂੰਏ ਦੀਆਂ ਸੁੰਡੀਆਂ ਛੋਟੇ ਬੂਟਿਆਂ ਦੇ ਤਣੇ ਅੰਦਰ ਮੋਰੀਆਂ ਕਰਕੇ ਗੋਭ ਨੂੰ ਸੁਕਾ ਦਿੰਦੀਆਂ ਹਨ । ਜਦੋਂ ਇਹ ਸੁੰਡੀਆਂ ਥੋੜ੍ਹਾ ਪੱਛੜ ਕੇ ਬੂਟਿਆਂ ਤੇ ਹਮਲਾ ਕਰਦੀਆਂ ਹਨ ਤਾਂ ਹਮਲੇ ਦੇ ਸ਼ਿਕਾਰ ਬੂਟੇ ਦੀਆਂ ਦਾਣਿਆਂ ਤੋਂ ਸੱਖਣੀਆਂ ਚਿੱਟੇ ਰੰਗ ਦੀਆਂ ਮੁੰਜਰਾਂ ਖੇਤ ਵਿੱਚ ਸਿੱਧੀਆਂ ਖੜ੍ਹੀਆਂ ਨਜ਼ਰ ਆਉਂਦੀਆਂ ਹਨ । ਜਦ ਖੇਤ ਵਿੱਚ 5 ਪ੍ਰਤੀਸ਼ਤ ਤੋਂ ਵੱਧ ਸੁੰਡੀਆਂ ਗੋਭਾਂ ਨਜ਼ਰ ਆਉਣ ਤਾਂ ਫ਼ਸਲ ਤੇ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਜਾਂ 50 ਗ੍ਰਾਮ ਟੌਕਸੀ 20 ਡਬਲਯੂ ਜੀ ਜਾਂ 60 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 400 ਗ੍ਰਾਮ ਸੁਪਰੀਮੋ 50 ਡਬਲਯੂ ਪੀ ਜਾਂ 170 ਗ੍ਰਾਮ ਮੋਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਇਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ । ਬਾਸਮਤੀ ਵਿੱਚ ਉਪਰੋਕਤ ਦਵਾਈਆਂ ਤੋਂ ਇਲਾਵਾ 1 ਲਿਟਰ ਅਚੂਕ/ਨੀਮ ਕਵੱਚ ਜਾਂ 4 ਕਿਲੋਗ੍ਰਾਮ ਫਰਟੇਰਾ 0.4 ਜੀ ਆਰ (ਕਲੋਰੈਨਟਰਾਨਿਲੀਪਰੋਲ) ਜਾਂ 10 ਕਿਲੋਗ੍ਰਾਮ ਪਦਾਨ/ਕੈਲਡਾਨ/ਕਰੀਟਾਪ/ਸਨਵੈਕਸ/ਨਿਦਾਨ/ਮਾਰਕਟੈਪ/ਮਿਫਟੈਪ/ ਕਾਤਸੂ 4 ਜੀ (ਕਾਰਟਾਪ ਹਾਈਡਰੋਕਲੋਰਾਈਡ) ਜਾਂ 4 ਕਿਲੋਗ੍ਰਾਮ ਵਾਈਬਰੈਂਟ 4 ਜੀ ਆਰ ਜਾਂ 6 ਕਿਲੋਗ੍ਰਾਮ ਰੀਜੈਂਟ/ਮੋਰਟੈਲ/ਮਿਫਪਰੋ ਜੀ/ਮਹਾਂਵੀਰ ਜੀ ਆਰ/ਸਿਨਜਨ 0.3 ਜੀ (ਫਿਪਰੋਨਿਲ) ਪ੍ਰਤੀ ਏਕੜ ਦੇ ਹਿਸਾਬ ਵਰਤਣ ਨਾਲ ਤਣੇ ਦੇ ਗੜੂੰਏਂ ਦੀ ਰੋਕਥਾਮ ਨਾਲ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਵੀ ਹੋ ਜਾਂਦੀ ਹੈ । ਬਾਸਮਤੀ ਝੋਨੇ ਵਿੱਚ ਜੇ 2 ਪ੍ਰਤੀਸ਼ਤ ਗੋਭਾਂ ਸੁੱਕੀਆਂ ਨਜ਼ਰ ਆਉਣ ਤਾਂ ਹੀ ਕੀੜੇਮਾਰ ਜ਼ਹਿਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ । ਬੂਟਿਆਂ ਦੇ ਟਿੱਡਿਆਂ ਦੀ ਰੋਕਥਾਮ ਲਈ ਫ਼ਸਲ ਤੋਂ 94 ਮਿ.ਲਿ. ਪੈਕਸਾਲੋਨ 10 ਐਸ ਸੀ (ਟਰਾਈਫਲੂਮੀਜ਼ੋਪਾਇਰਮ) ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮਿਨੈਂਟ 20 ਐਸ ਜੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 400 ਮਿਲੀਲਿਟਰ ਆਰਕੈਸਟਰਾ 10 ਐਸ ਸੀ (ਬੈਂਜ਼ਪਾਇਰੀਮੋਕਸਨ) ਜਾਂ 300 ਮਿਲੀਲਿਟਰ ਇਮੇਜਨ 10 ਐਸ ਸੀ (ਫਲੂਪਾਇਰੀਮਨ) ਜਾਂ 800 ਮਿਲੀਲਿਟਰ ਏਕਾਲਕਸ/ਕੁਇਨਗਾਰਡ/ ਕੁਇਨਲਮਾਸ 25 ਈ ਸੀ (ਕੁਇਨਲਫਾਸ) ਜਾਂ 80 ਮਿ.ਲਿ. ਈਕੋਟਿਨ ਜਾਂ 4 ਲਿਟਰ ਪੀ ਏ ਯੂ ਨਿੰਮ ਦਾ ਘੋਲ ਨੂੰ 100 ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ । ਛਿੜਕਾਅ ਦਾ ਰੁੱਖ ਬੂਟਿਆਂ ਦੇ ਮੁਢਾਂ ਵੱਲ ਨੂੰ ਰੱਖੋ ।

ਕਮਾਦ : ਖੇਤ ਵਿੱਚ ਪਾਣੀ ਦੀ ਨਿਕਾਸ ਦਾ ਸਹੀ ਪ੍ਰਬੰਧ ਰੱਖੋ । ਬਾਰਿਸ਼ ਦਾ ਵਾਧੂ ਪਾਣੀ ਖੇਤਾਂ ਵਿੱਚੋਂ ਕੱਢ ਦਿਓ । ਕਮਾਦ ਦੀ ਫ਼ਸਲ ਡਿੱਗਣ ਤੋਂ ਰੋਕਣ ਲਈ ਅਗਸਤ ਦੇ ਅਖੀਰ ਤੱਕ ਫ਼ਸਲ ਦੇ ਮੂਏ ਬੰਨ੍ਹ ਦਿਉ । ਰੇਤਲੀ ਅਤੇ ਕਲਰ ਵਾਲੀਆਂ ਜ਼ਮੀਨਾਂ ਤੇ ਕਮਾਦ ਤੇ ਲੋਹੇ ਦੀ ਘਾਟ ਆਮ ਤੌਰ ਤੇ ਆ ਜਾਂਦੀ ਹੈ ਜਿਸ ਨਾਲ ਨਿਸ਼ਾਨੀਆਂ ਨਵੇਂ ਪੱਤਿਆਂ ਤੇ ਵਿਖਾਈ ਦਿੰਦੀਆਂ ਹਨ । ਨਵੇਂ ਪੱਤੇ ਆਮ ਤੌਰ ਤੇ ਪੀਲੇ ਜਾਂ ਚਿੱਟੇ ਰੰਗ ਦੇ ਨਜ਼ਰ ਆਉਂਦੇ ਹਨ, ਇਸ ਤੱਤ ਦੀ ਘਾਟ 1 ਪ੍ਰਤੀਸ਼ਤ ਫੈਰਸ ਸਲਫੇਟ (1 ਕਿਲੋ ਫੈਰਸ ਸਲਫੇਟ/100 ਲਿਟਰ ਪਾਣੀ) ਦੇ ਛਿੜਕਾਅ ਕਰਨ ਨਾਲ ਹੀ ਪੂਰੀ ਕਰ ਸਕਦੇ ਹਾਂ । ਹਫ਼ਤੇ ਦੇ ਵਕਫ਼ੇ ਤੇ 2-3 ਛਿੜਕਾਅ ਕਰੋ । ਵੱਖਰੀ-ਵੱਖਰੀ ਤਰ੍ਹਾਂ ਦੇ ਗੜੂੰਏਂ ਅਤੇ ਖਾਸ ਕਰਕੇ ਗੁਰਦਾਸਪੁਰੀ ਗੜੂੰਏਂ ਤੋਂ ਪ੍ਰਭਾਵਿਤ ਬੂਟੇ ਪੁੱਟ ਕੇ ਨਸ਼ਟ ਕਰ ਦਿਉ । ਇਹ ਕੰਮ ਹਫ਼ਤੇ ਦੇ ਵਕਫ਼ੇ ਤੇ ਕਰਦੇ ਰਹੋ ਤਾਂ ਜੋ ਗੜੂੰਆਂ ਫ਼ਸਲ ਤੇ ਅਸਰ ਨਾ ਕਰ ਸਕੇ । ਤਣੇ ਦੇ ਗੜੂੰਏਂ ਦੀ ਰੋਕਥਾਮ ਲਈ ਮਿੱਤਰ ਕੀੜਾ, ਟਰਾਈਕੋਗਰਾਮਾ ਕਿਲੋਨਸ 20,000 ਪ੍ਰਤੀ ਏਕੜ ਦੇ ਹਿਸਾਬ ਨਾਲ ਜੁਲਾਈ ਤੋਂ ਲੈ ਕੇ ਅਕਤੂਬਰ ਤੱਕ ਦਸ ਦਿਨਾਂ ਦੇ ਵਕਫ਼ੇ ਤੇ 10 ਤੋਂ 12 ਵਾਰ ਖੇਤ ਵਿੱਚ ਛੱਡੋ । ਜੁਲਾਈ ਤੋਂ ਅਕਤੂਬਰ ਮਹੀਨਿਆਂ ਦੌਰਾਨ 10 ਫਿਰੋਮੋਨ ਟ੍ਰੈਪ ਵੀ ਲਗਾਓ ਅਤੇ ਫਿਰੋਮੋਨ ਲਿਓਰ ਨੂੰ ਇੱਕ ਮਹੀਨੇ ਦੇ ਵਕਫ਼ੇ ਤੇ ਬਦਲੋ । ਕਮਾਦ ਦੇ ਘੋੜੇ ਦੀ ਰੋਕਥਾਮ ਲਈ 600 ਮਿ.ਲਿ. ਕਲੋਰਪਾਇਰੀਫਾਸ 20 ਈ ਸੀ 400 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਰਸਾਇਣਾਂ/ਖਾਦਾਂ ਦੀ ਵਰਤੋਂ ਸੰਭਾਵਿਤ ਬਾਰਿਸ਼ ਨੂੰ ਧਿਆਨ ਵਿੱਚ ਰੱਖ ਕੇ ਹੀ ਕਰੋ ।

ਮੱਕੀ : ਚੱਲ ਰਹੇ ਮੌਸਮ ਦੌਰਾਨ ਮੱਕੀ ਵਿੱਚ ਪਾਣੀ ਖੜ੍ਹਾ ਹੋਣ ਨਾਲ ਇਸ ਦੇ ਤਣੇ ਤੇ ਗਾਲ੍ਹੇ ਰੋਗ ਦਾ ਹਮਲਾ ਹੋ ਸਕਦਾ ਹੈ । ਇਸ ਰੋਗ ਤੋਂ ਬਚਾਅ ਲਈ ਮੱਕੀ ਦੇ ਖੇਤਾਂ ਵਿੱਚ ਪਾਣੀ ਦੇ ਨਿਕਾਸ ਦਾ ਸੁਚੱਜਾ

ਪ੍ਰਬੰਧ ਕਰੋ । ਇਸ ਰੋਗ ਤੋਂ ਇਲਾਵਾ ਇਨ੍ਹਾਂ ਦਿਨਾਂ ਵਿੱਚ ਮੱਕੀ ਦੀ ਫ਼ਸਲ ਉੱਪਰ ਪੱਤਿਆਂ ਅਤੇ ਟਾਂਡਿਆਂ ਦੇ ਝੁਲਸ ਰੋਗ ਦਾ ਹਮਲਾ ਹੋ ਸਕਦਾ ਹੈ । ਜਿਉਂ ਹੀ ਇਸ ਰੋਗ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਇਸ ਦੀ ਰੋਕਥਾਮ ਲਈ 100 ਮਿਲੀਲਿਟਰ ਐਮੀਸਟਾਰ ਟੌਪ 325 ਐਸ ਸੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਲੋੜ ਪੈਣ ਤੇ ਦੂਜਾ ਛਿੜਕਾਅ 15 ਦਿਨ ਦੇ ਵਕਫ਼ੇ ਤੇ ਦੁਹਰਾਇਆ ਜਾ ਸਕਦਾ ਹੈ । ਮੱਕੀ ਦੇ ਗੜੂੰਏਂ ਦੀ ਰੋਕਥਾਮ ਲਈ ਫ਼ਸਲ ਤੇ 30 ਮਿ.ਲਿ. ਕੋਰਾਜ਼ਨ 18.5 ਤਾਕਤ ਨੂੰ 60 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕੀਤਾ ਜਾ ਸਕਦਾ ਹੈ । ਇਸ ਦੀ ਰੋਕਥਾਮ ਟਰਾਈਕੋਗਰਾਮਾ (ਮਿੱਤਰ ਕੀੜਾ) ਰਾਹੀਂ ਪ੍ਰਜੀਵੀ ਕਿਰਿਆ ਕੀਤੇ ਹੋਏ ਕੋਰਸਾਇਰਾ ਦੇ 40,000 ਅੰਡੇ ਪ੍ਰਤੀ ਏਕੜ ਦੇ ਹਿਸਾਬ ਨਾਲ ਦੋ ਵਾਰੀ- ਪਹਿਲੀ ਵਾਰ 10 ਦਿਨਾਂ ਦੀ ਫ਼ਸਲ ਅਤੇ ਦੂਜੀ ਵਾਰ ਇੱਕ ਹਫ਼ਤੇ ਬਾਅਦ ਵਰਤ ਕੇ ਵੀ ਕੀਤੀ ਜਾ ਸਕਦੀ ਹੈ ।

ਕਪਾਹ : ਨਰਮੇ-ਕਪਾਹ ਦੀ ਫ਼ਸਲ ਖੜ੍ਹੇ ਪਾਣੀ ਨੂੰ ਨਹੀਂ ਝੱਲਦੀ । ਇਸ ਲਈ ਬਰਸਾਤ ਦੇ ਮੌਸਮ ਵਿੱਚ ਨਰਮੇ/ਕਪਾਹ ਦੇ ਖੇਤਾਂ ਵਿੱਚੋਂ ਫਾਲਤੂ ਪਾਣੀ ਬਾਹਰ ਕੱਢ ਦਿਓ । ਬਾਕੀ ਅੱਧੀ ਨਾਈਟ੍ਰੋਜਨ ਫੁੱਲ ਆਉਣ 'ਤੇ ਪਾਓ । ਫ਼ਸਲ ਦੇ ਵਿਚਕਾਰ ਪਈ ਥਾਂ ਤੋਂ ਨਦੀਨ ਮਾਰਨ ਲਈ ਗਰਾਮੋਕਸੋਨ 24 ਐੱਸ. ਐੱਲ (ਪੈਰਾਕੁਏਟ) ਦਾ 500

ਮਿਲੀਲਿਟਰ ਜਾਂ 900 ਮਿਲੀਲਿਟਰ ਸਵੀਪ ਪਾਵਰ 13.5 ਐਸ ਐਲ (ਗਲੂਫੋਸੀਨੇਟ ਅਮੋਨੀਅਮ) ਨੂੰ ਪ੍ਰਤੀ ਏਕੜ ਦੇ ਹਿਸਾਬ 100 ਲਿਟਰ ਪਾਣੀ ਵਿੱਚ ਘੋਲ ਕੇ ਨਦੀਨਾਂ ਉੱਪਰ ਸਿੱਧਾ ਛਿੜਕੋ ਜਦੋਂ ਫ਼ਸਲ 6-8 ਹਫ਼ਤਿਆਂ ਦੀ ਹੋ ਜਾਵੇ ਅਤੇ 40-45 ਸੈਂਟੀਮੀਟਰ ਉੱਚੀ ਹੋ ਜਾਵੇ । ਨਦੀਨ ਨਾਸ਼ਕ ਜ਼ਹਿਰਾਂ ਉਦੋਂ ਵਰਤੋ ਜਦੋਂ ਹਵਾ ਨਾ ਵਗਦੀ ਹੋਵੇ । ਇਹ ਵੀ ਖਿਆਲ ਰੱਖੋ ਕਿ ਨਦੀਨ ਨਾਸ਼ਕ ਫ਼ਸਲ ਦੇ ਪੱਤਿਆਂ ਤੇ ਨਾ ਪਵੇ । ਨਰਮੇ ਨੂੰ ਫੁੱਲ ਆਉਣ ਸਮੇਂ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟਰੇਟ (13:0:45) ਘੋਲ ਦੇ 4 ਛਿੜਕਾਅ ਹਫ਼ਤੇ ਦੇ ਵਕਫ਼ੇ ਨਾਲ ਕਰੋ । ਸ਼ੁਰੂ ਤੋਂ ਹੀ ਪੱਤਾ ਮਰੋੜ ਵਿਸ਼ਾਣੂੰ ਰੋਗ (ਲੀਫ ਕਰਲ) ਵਾਲੇ ਬੂਟੇ ਸਮੇਂ-ਸਮੇਂ ਸਿਰ ਪੁੱਟ ਕੇ ਦਬਾਉਂਦੇ ਰਹੋ । ਚਿੱਟੀ ਮੱਖੀ ਲਈ ਨਰਮੇ ਦੀ ਫ਼ਸਲ ਅਤੇ ਇਸ ਦੀਆਂ ਬਦਲਵੀਆਂ ਫ਼ਸਲਾਂ/ਨਦੀਨਾਂ ਤੇ ਲਗਾਤਾਰ ਸਰਵੇਖਣ ਕਰਦੇ ਰਹੋ । ਜਦੋਂ ਇਸ ਦੀ ਗਿਣਤੀ ਸਵੇਰੇ 10 ਵਜੇ ਤੋਂ ਪਹਿਲਾਂ 6 ਮੱਖੀਆਂ ਪ੍ਰਤੀ ਪੱਤਾ ਹੋ ਜਾਵੇ ਤਾਂ 400 ਮਿਲੀਲਿਟਰ ਸਫੀਨਾ 50 ਡੀ ਸੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਜਾਂ 200 ਗ੍ਰਾਮ ਪੋਲੋ/ਕਰੇਜ/ਰੂਬੀ/ਲੂਡੋ/ਸੇਕੂ 50 ਡਬਲਯੂ ਪੀ ਜਾਂ 500 ਮਿਲੀਲਿਟਰ ਲੈਨੋ/ਡੈਂਟਾ 10 ਈ ਸੀ ਜਾਂ 200 ਮਿਲੀਲਿਟਰ ਓਬੇਰਾਨ/ਵੋਲਟੇਜ 22.9 ਐਸ ਜੀ ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ ਜਾਂ 800 ਮਿਲੀਲਿਟਰ ਫਾਸਮਾਈਟ / ਈਮਾਈਟ / ਵੋਲਥੀਆਨ / ਗੋਲਡ ਮਿਟ 50 ਈ ਸੀ ਜਾਂ 1 ਲਿਟਰ ਨਿੰਬੀਸੀਡੀਨ/ਅਚੂਕ ਜਾਂ 1200 ਮਿਲੀਲਿਟਰ ਪੀ ਏ ਯੂ ਨਿੰਮ ਦੇ ਘੋਲ ਨੂੰ 125-150 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਥਰਿੱਪਸ (ਭੂਰੀ ਜੂੰ) ਦੀ ਰੋਕਥਾਮ ਲਈ 170 ਮਿਲੀਲਿਟਰ ਡੈਲੀਗੇਟ 11.7 ਐਸ ਸੀ ਜਾਂ 500 ਮਿਲੀਲਿਟਰ ਕਿਊਰਾਕਰੋਨ / ਸੈਲਰੋਨ 50 ਈ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ । ਮੀਲੀਬੱਗ ਦੇ ਹਮਲੇ ਨੂੰ ਰੋਕਣ ਲਈ 150 ਮਿਲੀਲਿਟਰ ਟਰਾਂਸਫੋਰਮ 21.8 ਐਸ ਸੀ (ਸਲਫੋਕਸਾਫਲੋਰ) ਪ੍ਰਤੀ ਏਕੜ ਦਾ ਛਿੜਕਾਅ ਕਰੋ । ਟੀਂਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਛਿੜਕਾਅ ਉਦੋਂ ਕਰੋ ਜਦੋਂ ਤਾਜ਼ੀਆਂ ਕਿਰੀਆਂ ਫੁੱਲ ਡੋਡੀਆਂ ਵਿੱਚ ਨੁਕਸਾਨ 5 ਪ੍ਰਤੀਸ਼ਤ ਤੋਂ ਵੱਧ ਹੋਵੇ ਅਤੇ ਫਿਰ ਲੋੜ ਅਨੁਸਾਰ ਪੀ. ਏ. ਯੂ. ਦੁਆਰਾ ਸਿਫ਼ਾਰਸ਼ ਕੀਤੇ ਕੀਟਨਾਸ਼ਕਾਂ ਦੀ ਹੀ ਛਿੜਕਾਅ ਕਰੋ । ਮੀਂਹ ਪੈਣ ਨਾਲ ਬੀ ਟੀ ਨਰਮੇ ਦੇ ਖੇਤਾਂ ਵਿੱਚ ਪੈਰਾਵਿਲਟ ਦੀ ਸਮੱਸਿਆ ਆ ਸਕਦੀ ਹੈ । ਇਸ ਦੀ ਰੋਕਥਾਮ ਲਈ ਪ੍ਰਭਾਵਿਤ ਬੂਟਿਆਂ ਉੱਪਰ (ਤਾਜ਼ਾ ਕੁਮਲਾਏ ਹੋਏ) 10 ਮਿ: ਲਿ: ਕੋਬਾਲਟ ਕਲੋਰਾਈਡ ਪ੍ਰਤੀ ਲਿਟਰ ਪਾਣੀ ਦੀ ਹਿਸਾਬ ਨਾਲ ਘੋਲ ਕੇ ਛਿੜਕਾਅ ਕਰੋ । ਇਸ ਤੋਂ ਇਲਾਵਾ ਪੱਤਿਆਂ ਦੀ ਉੱਲੀ ਦੇ ਧੱਬਿਆਂ ਦਾ ਹਮਲਾ ਨਜ਼ਰ ਆਉਣ ਤੇ 200 ਮਿਲੀਲਿਟਰ ਐਮੀਸਟਾਰ ਟੌਪ 325 ਐਸ ਸੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਰਸਾਇਣਾਂ/ਖਾਦਾਂ ਦੀ ਵਰਤੋਂ ਸੰਭਾਵਿਤ ਬਾਰਿਸ਼ ਨੂੰ ਧਿਆਨ ਵਿੱਚ ਰੱਖ ਕੇ ਹੀ ਕਰੋ ।

ਦਾਲਾਂ : ਖੇਤ ਵਿੱਚ ਪਾਣੀ ਦੀ ਨਿਕਾਸ ਦਾ ਸਹੀ ਪ੍ਰਬੰਧ ਕਰੋ । ਬਾਰਿਸ਼ ਦਾ ਵਾਧੂ ਪਾਣੀ ਖੇਤਾਂ ਵਿੱਚੋਂ ਕੱਢ ਦਿਓ । ਮਾਂਹ/ਮੂੰਗੀ ਜਾਂ ਅਰਹਰ ਵਿੱਚੋਂ ਨਦੀਨ ਮਾਰਨ ਲਈ ਇੱਕ ਜਾਂ ਦੋ ਗੋਡੀਆਂ ਕਰੋ ।

ਬਾਗਬਾਨੀ : ਫਲਦਾਰ ਬੂਟਿਆਂ ਖਾਸ ਕਰਕੇ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਅੰਬ, ਲੀਚੀ, ਬਿੱਲ, ਆਮਲਾ ਆਦਿ ਦੇ ਬੂਟਿਆਂ ਦੀ ਲਵਾਈ ਦਾ ਕੰਮ ਕੀਤਾ ਜਾ ਸਕਦਾ ਹੈ ਕਿਉਂਕਿ ਤਾਪਮਾਨ ਅਤੇ ਹਵਾ ਵਿਚਲੀ ਨਮੀ ਪੌਦਿਆਂ ਦੀ ਸਫਲਤਾ ਲਈ ਬਹੁਤ ਢੁੱਕਵੀਂ

ਹੈ । ਜ਼ਿਆਦਾ ਬਾਰਿਸ਼ਾਂ ਕਾਰਨ ਕਈ ਵਾਰ ਬਾਗਾਂ ਵਿੱਚ ਜ਼ਿਆਦਾ ਪਾਣੀ ਖੜ੍ਹਾ ਹੋ ਸਕਦਾ ਹੈ, ਇਹ ਵਾਧੂ ਪਾਣੀ ਬਾਗਾਂ ਵਿੱਚੋਂ ਬਾਹਰ ਕੱਢ ਦਿਓ । ਕਿਉਂਕਿ ਇਹ ਵਾਧੂ ਖੜ੍ਹਾ ਪਾਣੀ ਬੂਟਿਆਂ ਦਾ ਨੁਕਸਾਨ ਕਰ ਸਕਦਾ ਹੈ । ਜਿਹੜੇ ਅਮਰੂਦਾਂ ਦੇ ਬਾਗਾਂ ਵਿੱਚ ਫ਼ਲ ਦਾ ਅਕਾਰ ਬਣ ਗਿਆ ਹੈ ਅਤੇ ਫ਼ਲਾਂ ਦਾ ਰੰਗ ਬਦਲਣਾ ਸ਼ੁਰੂ ਹੋ ਗਿਆ ਹੈ ਉਹਨਾਂ ਬਾਗਾਂ ਵਿੱਚ ਵੀ ਪੀ.ਏ.ਯੂ. ਫ਼ਰੂਟ ਫਲਾਈ ਟਰੈਪ ਲਗਾਏ ਜਾ ਸਕਦੇ ਹਨ । ਘਰੇਲੂ ਪੱਧਰ ਤੇ ਅਮਰੂਦਾਂ ਦੇ ਫ਼ਲਾਂ ਨੂੰ ਨਾਨ-ਵੂਵਨ ਲਿਫਾਫਿਆਂ ਨਾਲ ਵੀ ਢਕਿਆ ਜਾ ਸਕਦਾ ਹੈ । ਨਿੰਬੂ ਜਾਤੀ ਦੇ ਫ਼ਲਾਂ ਵਿੱਚ ਫ਼ਾਈਟਪਥੋਰਾ ਨਾਂ ਦੀ ਬਿਮਾਰੀ ਦੀ ਰੋਕਥਾਮ ਲਈ ਰਿਡੋਮਿਲ ਗੋਲਡ ਜਾਂ ਕਰਜ਼ੈਟ ਐਮ 8 ਨਾਲ ਬੂਟੇ ਦੇ ਹੇਠਾਂ ਵਾਲੀ ਜ਼ਮੀਨ ਨੂੰ ਇਸ ਸਮੇਂ 25 ਗ੍ਰਾਮ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਭਿਓ ਦਿਓ । ਬਹੁਤ ਜ਼ਿਆਦਾ ਪ੍ਰਭਾਵਿਤ ਬੂਟਿਆਂ ਨੂੰ 50 ਮਿ. ਲਿ. ਸੋਡੀਅਮ ਹਾਈਪੋਕਲੋਰਾਈਟ (5%) 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਪੌਦਾ ਪਾਉ । ਇਸ ਘੋਲ ਨਾਲ ਪ੍ਰਭਾਵਿਤ ਬੂਟਿਆਂ ਦੀ ਜ਼ਮੀਨ ਅਤੇ ਮੁੱਖ ਤਣਿਆਂ ਉੱਪਰ ਚੰਗੀ ਤਰ੍ਹਾਂ ਛਿੜਕਾਅ ਕਰੋ । ਸੋਡੀਅਮ ਹਾਈਪੋਕਲੋਰਾਈਟ ਦੀ ਸਪਰੇਅ ਤੋਂ ਇੱਕ ਹਫਤਾ ਬਾਅਦ 100 ਗ੍ਰਾਮ ਟ੍ਰਾਈਕੋਡਰਮਾ ਐਸਪੈਰੇਲਮ ਦੀ ਪਾਊਡਰ ਬਾਇਓਫਾਰਮੂਲੇਸ਼ਨ ਨੂੰ 2.5 ਕਿਲੋ ਰੂੜ੍ਹੀ ਨਾਲ ਮਿਲਾ ਕੇ ਬੂਟੇ ਦੇ ਮੁੱਢ ਅਤੇ ਘੇਰੇ ਵਿੱਚ ਪਾਉਣ ਨਾਲ ਇਸ ਬਿਮਾਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

ਸਬਜ਼ੀਆਂ

ਅਗਲੇ 4-5 ਦਿਨਾਂ ਦੌਰਾਨ ਸਬਜ਼ੀਆਂ ਵਿੱਚ ਸਿੰਚਾਈ ਬਾਰਿਸ਼ ਅਤੇ ਮਿੱਟੀ ਵਿੱਚ ਨਮੀ ਨੂੰ ਧਿਆਨ ਵਿੱਚ ਰੱਖ ਕੇ ਹੀ ਕਰੋ । ਇਸ ਦੌਰਾਨ ਸਬਜ਼ੀਆਂ ਦੀ ਬਿਜਾਈ ਜਾਂ ਪਨੀਰੀ ਹੀ ਲੁਆਈ ਅਤੇ ਰਸਾਇਣਾਂ ਦੀ ਵਰਤੋਂ ਮੌਸਮ ਦੇ ਅਨੁਸਾਰ ਹੀ ਕਰੋ । **ਭਿੰਡੀ** : ਭਿੰਡੀ ਦੇ ਤੇਲੇ ਲਈ 80 ਮਿ.ਲਿ. ਈਕੋਟਿਨ 5% ਜਾਂ 2 ਲਿਟਰ ਪੀ ਏ ਯੂ ਨਿੰਮ ਦਾ ਘੋਲ ਜਾਂ 40 ਮਿ.ਲਿ. ਕੋਨਫੀਡੋਰ 17.8 ਐਸ ਐਲ ਜਾਂ 40 ਗ੍ਰਾਮ ਐਕਟਾਰਾ 25 ਡਬਲਯੂ ਜੀ 100-125 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਫ਼ਲ ਦੇ ਗੜੂੰਏਂ ਲਈ ਫੁੱਲ ਸ਼ੁਰੂ ਹੋਣ ਤਾਂ ਹਰ ਦੋ ਹਫ਼ਤਿਆਂ ਮਗਰੋਂ ਤਿੰਨ ਵਾਰ ਛਿੜਕੋ । ਛਿੜਕਾਅ ਲਈ 50 ਮਿ.ਲਿ. ਕੋਰਾਜ਼ਨ 18.5 ਐਸ ਜੀ ਜਾਂ 200 ਮਿ.ਲਿ. ਸੂਮੀ ਪਲੀਓ 10 ਈ ਸੀ ਜਾਂ 70 ਗ੍ਰਾਮ ਪਰੋਕਲੇਮ ਐਸ ਜੀ ਜਾਂ 100 ਮਿ.ਲਿ. ਸੁਮੀਸੀਡੀਨ 20 ਈ ਸੀ ਦੀ ਵਰਤੋਂ ਕਰੋ । **ਬੈਂਗਣ** : ਇਸ ਸਮੇਂ ਬੈਂਗਣ ਦੀਆਂ ਕਿਸਮਾਂ ਅਤੇ ਹਾਈਬ੍ਰਿਡਾਂ, ਜਿਵੇਂ ਕਿ ਪੰਜਾਬ ਹਿੰਮਤ, ਪੰਜਾਬ ਰੌਣਕ, ਪੰਜਾਬ ਭਰਪੂਰ, ਪੀ.ਬੀ.ਐਚ.ਆਰ-41, ਪੀ.ਬੀ.ਐਚ.ਆਰ-42, ਪੀ.ਬੀ.ਐਚ.-6, ਪੀ.ਬੀ.ਐਚ.-5, ਪੀ.ਬੀ.ਐਚ.-4 ਅਤੇ ਪੀ.ਬੀ.ਐਚ.-3 ਦੀ ਪਨੀਰੀ ਵੀ ਮੁੱਖ ਖੇਤ ਵਿੱਚ ਲਾਈ ਜਾ ਸਕਦੀ ਹੈ । ਬੈਂਗਣਾਂ ਵਿੱਚ ਫਲ ਅਤੇ ਸ਼ਾਖਾਂ ਦੇ ਗੜੂੰਏਂ ਦੀ ਰੋਕਥਾਮ ਲਈ 80 ਮਿ. ਲਿ. ਕੋਰਾਜ਼ਨ 18.5 ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਸੀ ਨੂੰ 100 ਤੋਂ 125 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । **ਟਮਾਟਰ** : ਪੰਜਾਬ ਵਰਖਾ ਬਹਾਰ-4 ਵਰਗੀ ਬਰਸਾਤੀ ਟਮਾਟਰ ਦੀ ਕਿਸਮ ਨੂੰ ਮੁੱਖ ਖੇਤ ਵਿੱਚ ਲਾਉਣ ਦਾ ਵੀ ਸਹੀ ਸਮਾਂ ਹੈ । **ਫੁੱਲ ਗੋਭੀ** : ਇਹ ਸਮਾਂ ਮੁੱਖ ਮੌਸਮ ਦੀ ਫੁੱਲ ਗੋਭੀ ਦੀਆਂ ਕਿਸਮਾਂ, ਜਿਵੇਂ ਕਿ ਪੰਜਾਬ ਮੱਘਰੀ ਦੀ ਪਨੀਰੀ ਨੂੰ ਮੁੱਖ ਖੇਤ ਵਿੱਚ ਲਾਉਣ ਲਈ ਢੁੱਕਵਾਂ ਹੈ । **ਮਿਰਚਾਂ** : ਬਰਸਾਤੀ ਮੌਸਮ ਦੌਰਾਨ ਮਿਰਚਾਂ ਤੇ ਟਾਹਣੀਆਂ ਦੇ ਸੋਕੇ ਅਤੇ ਗਾਲ੍ਹੇ ਦਾ ਹਮਲਾ ਹੋ ਸਕਦਾ ਹੈ । ਇਸ ਤੋਂ ਬਚਾਉਣ ਲਈ ਫ਼ਸਲ ਤੇ 250 ਮਿ. ਲਿ. ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ-45 ਜਾਂ ਬਲਾਈਟੌਕਸ ਨੂੰ 250 ਲਿਟਰ ਨੂੰ ਪਾਣੀ ਵਿੱਚ ਘੋਲ ਕੇ 10 ਦਿਨਾਂ ਦੇ ਵਕਫ਼ੇ ਤੇ ਛਿੜਕਾਅ ਕਰੋ । ਕਿਸਾਨ ਗਾਜਰ, ਮੂਲੀ ਅਤੇ ਸ਼ਲਗਮ ਵਰਗੀਆਂ ਜੜ੍ਹ ਵਾਲੀਆਂ ਸਬਜ਼ੀਆਂ ਦੀ ਬਿਜਾਈ ਅਗਸਤ-ਸਤੰਬਰ ਦੌਰਾਨ ਸ਼ੁਰੂ ਕਰ ਸਕਦੇ ਹਨ ।

ਪਸ਼ੂ ਪਾਲਣ : ਪਸ਼ੂ ਨੂੰ ਸ਼ੈੱਡ ਦੇ ਅੰਦਰ ਰੱਖੋ ਅਤੇ ਸ਼ੈੱਡ ਅੰਦਰ ਸਾਫ ਸਫਾਈ ਅਤੇ ਮਲ-ਮੂਤਰ ਦੇ ਨਿਕਾਸ ਦਾ ਪੂਰਾ ਖਿਆਲ ਰੱਖੋ । ਇਸ ਮਹੀਨੇ ਮੱਛਰ, ਮੱਖੀਆਂ ਅਤੇ ਚਿੱਚੜਾਂ ਦੀ ਗਿਣਤੀ ਵੱਧ ਜਾਂਦੀ ਹੈ ਜੋ ਕਿ ਪਸ਼ੂ ਦਾ ਖੂਨ ਚੂਸਦੇ ਹਨ ਤੇ ਬਿਮਾਰੀ

(ਜਿਵੇਂ ਲੰਪੀ ਸਕਿੰਨ ਰੋਗ) ਫੈਲਾਉਂਦੇ ਹਨ । ਸੋ ਪਸ਼ੂਆਂ ਨੂੰ ਇਨ੍ਹਾਂ ਤੋਂ ਬਚਾਉਣ ਲਈ ਸਮੇਂ-ਸਮੇਂ ਤੇ ਸਪਰੇਅ ਕਰਨੀ ਜ਼ਰੂਰੀ ਹੈ ਖਾਸ ਕਰਕੇ ਤਰੇੜਾਂ ਅਤੇ ਕੋਨਿਆਂ ਤੇ । ਦੋ ਹਫ਼ਤੇ ਬਾਅਦ ਸਪਰੇਅ ਦੋਬਾਰਾ ਕਰੋ ਅਤੇ ਦਿੱਤੀਆਂ ਹਦਾਇਤਾਂ ਦੀ ਪੂਰੀ ਪਾਲਣਾ ਕਰੋ । 6 ਮਹੀਨੇ ਦੇ ਛੋਟੇ ਬੱਚਿਆਂ, ਪੱਠੇ, ਖ਼ੁਰਾਕ ਅਤੇ ਪਾਣੀ ਉੱਪਰ ਸਪਰੇਅ ਨਹੀਂ ਕਰਨੀ ਚਾਹੀਦੀ । ਪਸ਼ੂ ਨੂੰ ਕਾਲਾ ਜਾਂ ਉੱਲੀ ਲੱਗਿਆ ਦਾਣਾ ਕਦੇ ਵੀ ਨਹੀਂ ਪਾਉਣਾ ਚਾਹੀਦਾ ।

 RNI/42269/83 (PUNPUN00806) Postage Registered No. PB/PTA/0338/2025-2027

ਪਰਾਲੀ ਤੇ ਨਾੜ ਸਾੜਨ ਵਿੱਚ ਪੰਜਾਬ ਤੋਂ ਅੱਗੇ ਮੱਧ ਪ੍ਰਦੇਸ਼

★ ਝੋਨੇ ਅਤੇ ਕਣਕ ਦੇ ਪਿਛਲੇ ਸੀਜ਼ਨ ਦੌਰਾਨ ਮੱਧ ਪ੍ਰਦੇਸ਼ ਵਿੱਚ ਨਾੜ ਅਤੇ ਪਰਾਲੀ ਨੂੰ ਲੱਗੀ ਸਭ ਤੋਂ ਵੱਧ ਅੱਗ

★ ਜੰਗਲਾਤ ਅਤੇ ਵਾਤਾਵਰਨ ਦੇ ਨਾਲ ਖੇਤੀ ਮੰਤਰਾਲੇ ਨੇ ਮੱਧ ਪ੍ਰਦੇਸ਼ ਨੂੰ ਦਿੱਤੇ ਰੋਕ ਲਗਾਉਣ ਦੇ ਨਿਰਦੇਸ਼

ਸਤੰਬਰ ਤੋਂ ਬਾਅਦ ਐਨ. ਸੀ. ਆਰ. ਵਿੱਚ ਵੱਧਣ ਵਾਲੇ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਦੀਆਂ ਤਿਆਰੀਆਂ ਦਰਮਿਆਨ ਮੱਧ ਪ੍ਰਦੇਸ਼ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਵਾਧੇ ਨੇ ਕੇਂਦਰ ਸਰਕਾਰ ਦੀ ਚਿੰਤਾ ਵਧਾ ਦਿੱਤੀ ਹੈ । ਅਜਿਹਾ ਇਸ ਲਈ ਹੈ ਕਿਉਂਕਿ ਪਿਛਲੇ ਕੁਝ ਸਾਲਾਂ ਦੀਆਂ ਲਗਾਤਾਰ ਕੋਸ਼ਿਸ਼ਾਂ ਤੋਂ ਬਾਅਦ ਇਸੇ ਸੀਜ਼ਨ ਵਿੱਚ ਪੰਜਾਬ ਅਤੇ ਹਰਿਆਣਾ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਕਮੀ ਆ ਸਕੀ ਹੈ । ਪਰ ਹੁਣ ਮੱਧ ਪ੍ਰਦੇਸ਼ ਨੇ ਉਨ੍ਹਾਂ ਨੂੰ ਪਿੱਛੇ ਛੱਡ ਦਿੱਤਾ ਹੈ । ਹਾਲਾਂਕਿ ਪੰਜਾਬ ਵਿੱਚ ਅਜੇ ਵੀ ਵੱਡੇ ਪੱਧਰ 'ਤੇ ਪਰਾਲੀ ਸਾੜੀ ਜਾ ਰਹੀ ਹੈ, ਪਰ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਜਿਸ ਤਰ੍ਹਾਂ ਪਰਾਲੀ ਸਾੜਨ ਦੀਆਂ ਘਟਨਾਵਾਂ ਵਧੀਆਂ ਹਨ, ਉਹ ਐਨ. ਸੀ. ਆਰ. ਨੂੰ ਜ਼ਹਿਰੀਲੀਆਂ ਹਵਾਵਾਂ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ 'ਤੇ ਪਾਣੀ ਫੇਰ ਸਕਦੀਆਂ ਹਨ । ਮੱਧ ਪ੍ਰਦੇਸ਼ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਵਾਧੇ ਨੂੰ ਲੈ ਕੇ ਕੇਂਦਰੀ ਜੰਗਲਾਤ ਅਤੇ ਵਾਤਾਵਰਨ ਮੰਤਰਾਲੇ ਦੇ ਨਾਲ ਖੇਤੀਬਾੜੀ ਮੰਤਰਾਲੇ ਨੇ ਵੀ ਸੂਬੇ ਨੂੰ ਚਿਤਾਵਨੀ ਦਿੱਤੀ ਹੈ । ਨਾਲ ਹੀ ਰੋਕਥਾਮ ਲਈ ਲੋੜੀਂਦੇ ਉਪਾਅ ਕਰਨ ਲਈ ਕਿਹਾ ਹੈ । ਹਾਲ ਹੀ ਵਿੱਚ ਹਵਾ ਗੁਣਵੱਤਾ ਕਮਿਸ਼ਨ ਦੀ ਮੀਟਿੰਗ ਵਿੱਚ ਵੀ ਮੱਧ ਪ੍ਰਦੇਸ਼ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟਾਈ ਗਈ । ਦਰਅਸਲ, ਹੁਣ ਤੱਕ ਸਿਰਫ ਝੋਨੇ ਦੀ ਪਰਾਲੀ ਸਾੜਨ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹੀਆਂ ਸਨ, ਪਰ ਹੁਣ ਨਾੜ ਸਾੜਨ ਦਾ ਰੁਝਾਨ ਵੀ ਵਧਿਆ ਹੈ । ਕੇਂਦਰੀ ਜੰਗਲਾਤ ਅਤੇ ਵਾਤਾਵਰਨ ਮੰਤਰਾਲੇ ਨੇ ਇਸ ਵਾਰ ਸੈਟੇਲਾਈਟ ਦੀ ਮਦਦ ਨਾਲ ਝੋਨੇ ਦੀ ਪਰਾਲੀ ਦੇ ਨਾਲ-ਨਾਲ ਨਾੜ ਸਾੜਨ ਦੀਆਂ ਘਟਨਾਵਾਂ ਦਾ ਵੀ ਅਧਿਐਨ ਕਰਵਾਇਆ । ਇਸ ਵਿੱਚ ਪਾਇਆ ਗਿਆ ਕਿ ਸਤੰਬਰ ਤੋਂ ਨਵੰਬਰ 2026 ਦੌਰਾਨ ਝੋਨੇ ਦੀ ਪਰਾਲੀ ਸਾੜਨ ਦੀਆਂ ਛੇ ਸੂਬਿਆਂ ਵਿੱਚ ਕੁੱਲ 33,028 ਘਟਨਾਵਾਂ ਰਿਪੋਰਟ ਹੋਈਆਂ ਸਨ । ਇਨ੍ਹਾਂ ਵਿੱਚੋਂ ਅੱਧ ਤੋਂ ਵੱਧ, ਭਾਵ 17,067 ਘਟਨਾਵਾਂ ਇਕੱਲੇ ਮੱਧ ਪ੍ਰਦੇਸ਼ ਵਿੱਚ ਰਿਪੋਰਟ ਹੋਈਆਂ ਸਨ । ਉੱਥੇ ਹੀ ਇੱਕ ਅਪ੍ਰੈਲ ਤੋਂ 13 ਮਈ, 2026 ਦਰਮਿਆਨ ਨਾੜ ਸਾੜਨ ਨੂੰ ਲੈ ਕੇ ਪੰਜ ਸੂਬਿਆਂ ਵਿੱਚ ਕਰਵਾਏ ਗਏ ਅਧਿਐਨ ਵਿੱਚ ਕੁੱਲ 63,195 ਘਟਨਾਵਾਂ ਰਿਪੋਰਟ ਹੋਈਆਂ । ਇਨ੍ਹਾਂ ਵਿੱਚ ਵੀ ਅੱਧ ਤੋਂ ਵੱਧ, ਭਾਵ 36,202 ਘਟਨਾਵਾਂ ਦੇ ਨਾਲ ਮੱਧ ਪ੍ਰਦੇਸ਼ ਸਭ ਤੋਂ ਅੱਗੇ ਰਿਹਾ ।

ਨਾੜ ਸਾੜਨ ਦੀਆਂ ਘਟਨਾਵਾਂ (ਇੱਕ ਅਪ੍ਰੈਲ ਤੋਂ 13 ਮਈ, 2026 ਤੱਕ)		ਪਰਾਲੀ ਸਾੜਨ ਦੀਆਂ ਘਟਨਾਵਾਂ (15 ਸਤੰਬਰ ਤੋਂ 30 ਨਵੰਬਰ, 2025 ਤੱਕ)	
ਪੰਜਾਬ	8719	ਪੰਜਾਬ	5114
ਹਰਿਆਣਾ	3279	ਹਰਿਆਣਾ	662
ਉੱਤਰ ਪ੍ਰਦੇਸ਼	14392	ਉੱਤਰ ਪ੍ਰਦੇਸ਼	7290
ਦਿੱਲੀ	63	ਦਿੱਲੀ	05
ਮੱਧ ਪ੍ਰਦੇਸ਼	36202	ਮੱਧ ਪ੍ਰਦੇਸ਼	17067

ਪੰਜਾਬ ਵਿੱਚ 100 ਸਾਲ ਤੋਂ ਵੱਧ ਪੁਰਾਣੇ ਰੁੱਖਾਂ ਨੂੰ ਵਿਰਾਸਤੀ ਰੁੱਖਾਂ ਵਜੋਂ ਸੁਰੱਖਿਅਤ ਕੀਤਾ ਜਾਵੇਗਾ

ਅਜਿਹੇ ਰੁੱਖਾਂ ਨੂੰ ਕੱਟਣ ਜਾਂ ਹਟਾਉਣ ਦੀ ਇਜਾਜ਼ਤ ਬਹੁਤ ਸੀਮਤ ਹਾਲਾਤ ਵਿੱਚ ਹੀ ਦਿੱਤੀ ਜਾਵੇਗੀ

ਪੰਜਾਬ ਵਿੱਚ ਪਿੱਪਲ, ਬੋਹੜ ਅਤੇ 100 ਸਾਲ ਤੋਂ ਵੱਧ ਪੁਰਾਣੇ ਹਰ ਮਹੱਤਵਪੂਰਨ ਰੁੱਖਾਂ ਨੂੰ ਹੁਣ ਸਿਰਫ ਰੁੱਖਾਂ ਵਜੋਂ ਹੀ ਨਹੀਂ, ਸਗੋਂ ਜੀਵਤ ਵਿਰਾਸਤ ਵਜੋਂ ਮਾਨਤਾ ਦਿੱਤੀ ਜਾਵੇਗੀ । ਪੰਜਾਬ ਸਰਕਾਰ ਦਾ ਪੰਜਾਬ ਪ੍ਰੋਟੈਕਸ਼ਨ ਆਫ ਟਰੀਜ਼ ਬਿੱਲ, 2026, ਪਹਿਲੀ ਵਾਰ 'ਵਿਰਾਸਤੀ ਰੁੱਖ' ਦੀ ਸਪੱਸ਼ਟ ਕਾਨੂੰਨੀ ਪ੍ਰੀਭਾਸ਼ਾ ਪ੍ਰਦਾਨ ਕਰਦਾ ਹੈ । 100 ਸਾਲ ਤੋਂ ਵੱਧ ਪੁਰਾਣੇ ਅਤੇ ਇਤਿਹਾਸਕ, ਸੱਭਿਆਚਾਰਕ ਜਾਂ ਧਾਰਮਿਕ

ਮਹੱਤਵ ਵਾਲੇ ਰੁੱਖਾਂ ਨੂੰ ਵਿਰਾਸਤੀ ਰੁੱਖਾਂ ਵਜੋਂ ਸੁਰੱਖਿਅਤ ਕੀਤਾ ਜਾਵੇਗਾ ।

ਇਸ ਦਾ ਮਤਲਬ ਇਹ ਹੋਵੇਗਾ ਕਿ ਪਿੰਡ ਦੇ ਚੌਕ ਵਿੱਚ ਖੜ੍ਹੇ ਸਦੀਆਂ ਪੁਰਾਣੇ ਬੋਹੜ ਦੇ ਰੁੱਖ, ਇੱਕ ਧਾਰਮਿਕ ਸਥਾਨ ਨਾਲ ਜੁੜੇ ਪਿੱਪਲ ਦੇ ਰੁੱਖ ਜਾਂ ਇੱਕ ਇਤਿਹਾਸਕ ਸਥਾਨ 'ਤੇ ਇੱਕ ਪੁਰਾਣੇ ਰੁੱਖ ਨੂੰ ਹੁਣ ਵਿਕਾਸ ਪ੍ਰੋਜੈਕਟਾਂ ਵਿੱਚ ਰੁਕਾਵਟ ਪਾਉਣ ਵਾਲੇ ਆਮ ਰੁੱਖ ਨਹੀਂ ਮੰਨਿਆ ਜਾਵੇਗਾ । ਅਜਿਹੇ ਰੁੱਖਾਂ ਨੂੰ ਕੱਟਣ ਜਾਂ ਹਟਾਉਣ ਦੀ ਇਜਾਜ਼ਤ ਬਹੁਤ ਸੀਮਤ ਹਾਲਾਤ ਵਿੱਚ ਹੀ ਦਿੱਤੀ ਜਾਵੇਗੀ । ਰਿਕਾਰਡਾਂ ਵਿੱਚ ਰੁੱਖਾਂ ਦੀ ਪ੍ਰਜਾਤੀ, ਤਣੇ ਦਾ ਵਿਆਸ, ਉੱਚਾਈ, ਅਨੁਮਾਨਤ ਉਮਰ ਅਤੇ ਸਰੀਰਕ ਸਥਿਤੀ ਵਰਗੀ ਜਾਣਕਾਰੀ ਸ਼ਾਮਲ ਹੋਵੇਗੀ । ਇਹ ਰੁੱਖ ਦੇ ਇਤਿਹਾਸਕ, ਸੱਭਿਆਚਾਰਕ ਅਤੇ ਧਾਰਮਿਕ ਮਹੱਤਵ ਨੂੰ ਵੀ ਪ੍ਰਗਟ ਕਰੇਗਾ । 150, 200 ਜਾਂ 300 ਸਾਲ ਪੁਰਾਣੇ ਰੁੱਖ ਦੀ ਪਛਾਣ ਸਿਰਫ ਇੱਕ ਨੰਬਰ ਜਾਂ ਫੋਟੋ ਦੁਆਰਾ ਨਹੀਂ ਕੀਤੀ ਜਾਵੇਗੀ, ਇਸ ਬਾਰੇ ਉਪਲੱਬਧ ਇਤਿਹਾਸ ਵੀ ਰਿਕਾਰਡ ਦਾ ਹਿੱਸਾ ਬਣ ਸਕਦਾ ਹੈ । ਇਹ ਨਿਰਧਾਰਿਤ ਕਰਨਾ ਸੰਭਵ ਹੋਵੇਗਾ ਕਿ ਰੁੱਖ ਕਿੰਨੇ ਸਮੇਂ ਤੋਂ ਉੱਥੇ ਹੈ, ਇਸ ਦਾ ਸਥਾਨਕ ਭਾਈਚਾਰੇ ਨਾਲ ਕੀ ਸਬੰਧ ਹੈ ਅਤੇ ਕੀ ਇਸ ਦੀਆਂ ਕੋਈ ਧਾਰਮਿਕ ਜਾਂ ਇਤਿਹਾਸਕ ਪਰੰਪਰਾਵਾਂ ਹਨ । ਵਿਰਾਸਤੀ ਰੁੱਖ ਆਮ ਰੁੱਖਾਂ ਨਾਲੋਂ ਸਖਤ ਸੁਰੱਖਿਆ ਦੇ ਅਧੀਨ ਹਨ । ਅਜਿਹੇ ਰੁੱਖਾਂ ਨੂੰ ਕੱਟਣ ਜਾਂ ਹਟਾਉਣ ਦੀ ਇਜਾਜ਼ਤ ਸਿਰਫ ਦੁਰਲੱਭ ਤੋਂ ਦੁਰਲੱਭ ਹਾਲਾਤ ਵਿੱਚ ਹੀ ਦਿੱਤੀ ਜਾਵੇਗੀ । ਇਸ ਲਈ ਮੰਤਰੀ ਜਾਂ ਸਬੰਧਤ ਵਿਭਾਗ ਦੇ ਮੁਖੀ ਦੀ ਪ੍ਰਵਾਨਗੀ ਦੀ ਲੋੜ ਹੁੰਦੀ ਹੈ । ਆਮ ਰੁੱਖਾਂ ਨੂੰ ਕੱਟਣ ਲਈ ਵੀ ਹੁਣ ਪਹਿਲਾਂ ਤੋਂ ਇਜਾਜ਼ਤ ਦੀ ਲੋੜ ਹੋਵੇਗੀ । ਅਰਜ਼ੀ ਲਈ ਜ਼ਮੀਨੀ ਦਸਤਾਵੇਜ਼, ਰੁੱਖਾਂ ਦੀ ਗਿਣਤੀ ਅਤੇ ਪ੍ਰਜਾਤੀਆਂ, ਤਣੇ ਦੇ ਮਾਪ, ਰੁੱਖ ਨੂੰ ਕੱਟਣ ਦਾ ਕਾਰਨ ਅਤੇ ਸਾਈਟ ਦੀ ਜਾਣਕਾਰੀ ਦੀ ਲੋੜ ਹੋਵੇਗੀ । ਆਮ ਮਾਮਲਿਆਂ ਵਿੱਚ ਫੈਸਲਿਆਂ ਲਈ 30 ਦਿਨਾਂ ਦੀ ਸਮਾਂ ਸੀਮਾ ਨਿਰਧਾਰਿਤ ਕੀਤੀ ਗਈ ਹੈ, ਜਦੋਂਕਿ ਮਰੇ ਹੋਏ, ਡਿੱਗੇ ਹੋਏ ਜਾਂ ਜੀਵਨ ਅਤੇ ਜਾਇਦਾਦ ਲਈ ਖਤਰਾ ਪੈਦਾ ਕਰਨ ਵਾਲੇ ਰੁੱਖਾਂ ਨਾਲ ਸਬੰਧਤ ਮਾਮਲਿਆਂ ਲਈ ਵੱਧ ਤੋਂ ਵੱਧ ਸੱਤ ਦਿਨਾਂ ਦੀ ਲੋੜ ਹੋਵੇਗੀ ।

BEW

ਕੇ ਐਸ ਗਰੁੱਪ
ਮਲੇਰਕੋਟਲਾ

KSA

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

4 IN 1 COMBO

BEW ਸੁਪਰ ਸੀਡਰ

• ਲੋਨ ਉਪਲੱਬਧ
• ਪਾਊਡਰ ਕੋਟਿੰਗ ਪੇਂਟ
• ਸਬਸਿਡੀ ਉਪਲੱਬਧ
• ਪੇਟੈਂਟ ਡਿਜ਼ਾਇਨ
• ਬੁਕਿੰਗ ਸ਼ੁਰੂ

TOLL FREE NUMBER
1800-120-004455

• BHAGWAN ENGINNERING WORKS
• KS AGROTECH PVT. LTD.
• KS POWERTECH PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co